ਮਾਤ ਭਾਸ਼ਾ ਦੀ ਸਿੱਖਿਆ ਦੇ ਪਹਿਲੀ ਤੋਂ ਅੱਠਵੀਂ ਸ਼੍ਰੇਣੀ ਤੱਕ ਸਿੱਖਣ ਸੰਕੇਤਕ ਮਿੱਥਣ ਲਈ ਦਫ਼ਤਰ ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ ਵੱਲੋਂ ਮਾਨਯੋਗ ਮੈਡਮ ਪਰਮਪਾਲ ਕੌਰ ਮਲੂਕਾ ਜੀ ਦੀ ਪ੍ਰਧਾਨਗੀ ਹੇਠ ਅਤੇ ਡਿਪਟੀ ਡਾਇਰੈਕਟਰ ਐਸ.ਸੀ.ਈ.ਆਰ.ਟੀ. ਡਾ. ਮਨਿੰਦਰਪਾਲ ਸਿੰਘ ਸਰਕਾਰੀਆ ਜੀ ਦੀ ਅਗਵਾਈ ਹੇਠ ਪੰਜਾਬੀ ਵਿਸ਼ੇ ਦੀ ਕਮੇਟੀ ਦਾ ਨਿਮਨਲਿਖਤ ਅਨੁਸਾਰ ਗਠਨ ਕੀਤਾ ਗਿਆ:-

| | | | |
|---|---|---|---|
| 1. | ਡਾ. ਪੁਸ਼ਵਿੰਦਰ ਕੌਰ | ਡਾਇਟ ਫ਼ਤਹਿਗੜ੍ਹ ਸਾਹਿਬ | ਕੋਆਰਡੀਨੇਟਰ |
| 2. | ਡਾ. ਹਰਦੀਪ ਕੌਰ | ਡਾਇਟ ਵੇਰਕਾ | ਵਿਸ਼ਾ ਮਾਹਿਰ ਪੰਜਾਬੀ |
| 3. | ਸ੍ਰੀਮਤੀ ਹਰਿੰਦਰ ਕੌਰ | ਡਾਇਟ ਰੋਪੜ | -- |
| 4. | ਸ੍ਰੀ ਇੰਦਰਜੀਤ ਸਿੰਘ | ਐਲੀਮੈਂਟਰੀ ਸਕੂਲ ਰਿਊਣਾ ਉੱਚਾ | ਐਲੀਮੈਂਟਰੀ ਅਧਿਆਪਕ |
| 5. | ਸ੍ਰੀ ਪਰਦੀਪ ਸਿੰਘ | ਸ.ਪ੍ਰ.ਸ. ਖਾਬੜਾ (ਫ਼.ਗ.ਸ.) | ਐਲੀਮੈਂਟਰੀ ਅਧਿਆਪਕ |
| 6. | ਸ੍ਰੀ ਪਰਮਜੀਤ ਸਿੰਘ | ਸ.ਪ੍ਰ.ਸ. ਕਸੁੰਭੜੀ (ਫ਼.ਗ.ਸ.) | -- |
| 7. | ਡਾ. ਲਖਵਿੰਦਰ ਕੌਰ | ਸ.ਮਿ.ਸ. ਘਟੀਂਡ (ਫ਼.ਗ.ਸ.) | -- |
| 8. | ਗੁਰਪ੍ਰੀਤ ਸਿੰਘ | ਸ.ਐ. ਸ. ਕਾਲੇਮਾਜਰਾ | -- |
| 9. | ਹਰਪ੍ਰੀਤ ਕੌਰ | ਸ.ਮਿ.ਸ. ਕਾਲੇਮਾਜਰਾ | -- |
| 10. | ਸ੍ਰ. ਮਿਹਰ ਸਿੰਘ | ਸ.ਮਿ.ਸ. ਭੱਦਲਥੂਹਾ (ਫ਼.ਗ.ਸ.) | -- |

ਉਪਰੋਕਤ ਟੀਮ ਨੇ ਪੰਜਾਬੀ ਵਿਸ਼ੇ ਦੀ ਸਿੱਖਣ ਸੰਕੇਤਕ ਮਿੱਥਣ ਲਈ ਆਪਸੀ ਵਿਚਾਰ ਵਟਾਂਦਰੇ ਤੇ ਸਹਿਯੋਗ ਨਾਲ ਐਨ.ਸੀ.ਈ.ਆਰ.ਟੀ. ਵਿਸ਼ਾ ਮਾਹਿਰਾ ਵੱਲੋਂ ਤਿਆਰ ਕੀਤੇ ਪਹਿਲੀ ਭਾਸ਼ਾ ਦੇ ਸਿੱਖਣ ਸੰਕੇਤਕਾਂ ਸਬੰਧੀ ਤਿਆਰ ਵਿਸ਼ਾ ਸਮੱਗਰੀ ਨੂੰ ਪੜ੍ਹਨ ਤੇ ਵਿਚਾਰਨ ਉਪਰੰਤ, ਉਪਰੋਕਤ ਸਮੱਗਰੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹੀ ਪੰਜਾਬੀ ਜੋ ਕਿ ਪੰਜਾਬੀ ਸੂਬੇ ਵਿਚ ਮਾਤ ਭਾਸ਼ਾ ਵਜੋਂ ਪੜ੍ਹਾਈ ਜਾਂਦੀ ਹੈ ਦੇ ਸਿੱਖਣ ਸੰਕੇਤਕ ਤਿਆਰ ਕੀਤੇ ਹਨ । ਕਮੇਟੀ ਧੰਨਵਾਦੀ ਹੈ ਕਿ ਮਾਣਯੋਗ ਮੈਡਮ ਪਰਮਪਾਲ ਕੌਰ ਮਲੂਕਾ, ਡਾਇਰੈਕਟਰ S.C.E.R.T. ਪੰਜਾਬ, ਡਾ. ਮਨਿੰਦਰ ਸਿੰਘ ਸਰਕਾਰੀਆ ਡਿਪਟੀ ਡਾਇਰੈਕਟਰ S.C.E.R.T ਤੇ ਸਾਰੇ ਉਹਨਾ ਵਿਦਵਾਨ ਵਿਸ਼ਾ ਮਾਹਿਰਾਂ ਦਾ ਜਿਨ੍ਹਾਂ ਦਾ ਇਸ ਸਮੱਗਰੀ ਨੂੰ ਤਿਆਰ ਕਰਨ ਹਿੱਤ ਬਹੁਮੱਲਾ ਸਹਿਯੋਗ ਪ੍ਰਾਪਤ ਹੋਇਆ ਹੈ ।

**ਭਾਸ਼ਾ ਸਿੱਖਣ ਦੇ ਸੰਕੇਤਕ**

**(Indicators of Language Learning)**

ਸੰਕੇਤਕ ਦਾ ਅਰਥ (ਸਿੱਖਿਆ ਸ਼ਾਸ਼ਤਰੀ, ਮਨੋਵਿਗਿਆਨਿਕ ਤੇ ਸਮਾਜਕ ਪੱਖ)

ਸਿੱਖਣ ਪ੍ਰਕਿਰਿਆ, ਬੱਚੇ ਦੇ ਜਨਮ ਤੋਂ ਹੀ ਸ਼ੁਰੂ ਹੋ ਜਾਂਦੀ ਹੈ, ਅਤੇ ਜੀਵਨ ਭਰ ਚਲਦੀ ਰਹਿੰਦੀ ਹੈ । ਜਦੋਂ ਅਸੀਂ ਸਕੂਲ ਦੇ ਵਾਤਾਵਰਨ ਵਿਚ ਨਿਸ਼ਚਤ ਪਾਠਕ੍ਰਮ ਦੇ ਮਾਧਿਅਮ ਨਾਲ, ਸਿੱਖਣ ਸਿਖਾਉਣ ਦੀ ਗੱਲ ਕਰਦੇ ਹਾਂ ਤਾਂ ਇਸ ਸਿੱਖਣ ਪ੍ਰਕਿਰਿਆ ਨੂੰ ਚਿਹਨਤ ਕਰਨਾ ਵੀ ਉਨਾਂ ਹੀ ਜ਼ਰੂਰੀ ਹੈ, ਜਿੰਨਾ ਕਿ ਬੱਚੇ ਨੂੰ ਸਿੱਖਣਾ ਤੇ ਸਿਖਾਉਣਾ ਜ਼ਰੂਰੀ ਹੈ । ਅਸਲ ਵਿਚ ਅਸੀਂ ਭਾਸ਼ਾ ਸਿੱਖਣ ਸੰਕੇਤਕਾਂ ਦੇ ਮਾਧਿਅਮ ਨਾਲ ਹੀ, ਅਧਿਆਪਕ, ਸਕੂਲ ਪ੍ਰਸ਼ਾਸ਼ਨ ਮਾਪੇ ਆਦਿ ਵੀ, ਸਿੱਖਣ ਪ੍ਰਕਿਰਿਆ ਨੂੰ ਸਮਝ ਸਕਦੇ ਹਾਂ ।

ਭਾਸ਼ਾ ਸੰਕੇਤਕਾਂ ਨੂੰ ਸਮਝਣ ਲਈ ਬੱਚੇ ਦੇ ਸਮਾਜਕ ਵਾਤਵਰਨ, ਮਨੋਵਿਗਿਆਨਕ ਪਿਛੋਕੜ ਤੇ ਉਨ੍ਹਾਂ ਨਾਲ ਜੁੜੇ ਇਸ਼ਾਰੇ ਤੇ ਅਭਿ-ਵਿਅਕਤੀਆਂ (expressions) ਨੂੰ ਵੀ ਸਮਝਣ ਦੀ ਜ਼ਰੂਰਤ ਹੈ । ਜਦੋਂ ਕੋਈ ਬੱਚਾ ਆਪਣੇ ਸਮਾਜਕ ਵਾਤਾਵਰਨ ਤੋਂ ਵੱਖਰੇ ਵਾਤਾਵਰਨ ਦਾ ਸਾਹਮਣਾ ਕਰਦਾ ਹੈ ਤਾਂ ਸ਼ੁਰੂ ਵਿਚ ਉਸਦੀ ਅਭਿਵਿਅਕਤੀ ਸਾਡੀ ਆਸ਼ਾ ਦੇ ਅਨੁਕੂਲ ਨਹੀਂ ਹੋਵੇਗੀ । ਇਸ ਲਈ ਸਭ ਤੋਂ ਪਹਿਲਾਂ

ਤਾਂ ਸਾਨੂੰ ਦੋਹਾਂ ਵਾਤਾਵਰਨਾਂ ਵਿਚਲੇ ਫ਼ਰਕ ਨੂੰ ਦੂਰ ਕਰਨਾ ਪਵੇਗਾ, ਜਿਵੇਂ ਇਕ ਦੂਜੇ ਨੂੰ ਜਾਨਣ ਦੇ ਮੌਕੇ ਦੇਣ ਲਈ ਸਮੂਹਿਕ ਕਿਰਿਆਵਾਂ ਕਰਨੀਆਂ ਪੈਣਗੀਆਂ । ਕੋਈ ਬੱਚਾ ਸੰਕੋਚੀ ਹੋ ਸਕਦਾ ਹੈ, ਸਿੱਖਣ ਸਮਝਣ ਤੇ ਜਾਣਨ ਦੇ ਬਾਵਜੂਦ ਵੀ ਪ੍ਰਗਟ ਕਰਨ ਤੋਂ ਸੰਕੋਚ ਕਰਦਾ ਹੈ ਤਾਂ ਉਸਨੂੰ ਅਕਸਰ ਬੋਲਣ ਦੇ ਮੌਕੇ ਦੇਣੇ ਪੈਣਗੇ । (ਜੋ ਉਹ ਖੁਦ ਬੋਲਣਾ ਚਾਹੇ, ਬਿਨਾ ਕਿਸੇ ਟਿੱਪਣੀ ਦੇ, ਉਸਨੂੰ ਆਪਣੀ ਭਾਸ਼ਾ ਵਿਚ ਆਪਣੀ ਤਰ੍ਹਾਂ ਨਾਲ ਬੋਲਣ ਤੇ ਲਿਖਣ ਦੇ ਮੌਕੇ) ਕੁਝ ਬੱਚੇ ਸੈਨਤਾ ਨਾਲ ਆਪਣੀ ਗੱਲ ਕਰਦੇ ਹਨ ਤੇ ਕੁਝ ਸੰਕੇਤਕ ਭਾਸ਼ਾ ਵਿਚ ਲਿਖਦੇ ਬੋਲਦੇ ਹਨ, ਇਸ ਲਈ ਭਾਸ਼ਾ ਦੇ ਸੰਕੇਤਕਾਂ ਨੂੰ ਸਮਝਣ ਦੌਰਾਨ, ਸੁਣਨ, ਬੋਲਣ, ਪੜ੍ਹਨ ਲਿਖਣ ਵਰਗੇ ਕੌਸ਼ਲਾ ਨੂੰ ਵਿਆਪਕ ਨਜ਼ਰੀਏ ਤੋਂ ਸਮਝਣਾ ਪਵੇਗਾ ਅਤੇ ਭਾਸ਼ਾ ਕੌਸ਼ਲਾ ਦੇ ਮਕਾਨਕੀ ਸੀਮਤ ਦਾਇਰੇ ਵਿਚ ਬਾਹਰ ਨਿੱਕਲਣਾ ਪਵੇਗਾ । ਇਸ ਨਾਲ ਹੀ ਅਸੀਂ ਸਹੀ ਅਰਥਾਂ ਵਿਚ ਭਾਸ਼ਾ ਵਿਆਪਕਤਾ (ਬੱਚਿਆਂ ਦੀ ਸੰਕੇਤਕ ਭਾਸ਼ਾ, ਭਾਸ਼ਾ ਅਭਿਵਿਅਕਤੀ ਦੇ ਅਲੱਗ-ਅਲੱਗ ਢੰਗ ਸੈਨਤਾ, ਸੰਕੇਤਾਂ ਨੂੰ ਇਕ ਸ੍ਰੇਣੀ ਵਿਚ ਸਥਾਨ ਦੇ ਸਕਾਂਗੇ । ਇਸ ਦ੍ਰਿਸ਼ਟੀਕੋਣ ਤੋਂ ਸੰਕੇਤਕ, ਸਿੱਖਿਆ ਸ਼ਾਸ਼ਤਰੀ ਅਤੇ ਮਨੋਵਿਗਿਆਨਕ ਤੇ ਸਮਾਜਕ ਵੀ ਹੋਣਗੇ ।

ਸਾਰੇ ਬੱਚਿਆਂ ਨੂੰ, ਵਿਅਕਤੀਗਤ ਵਖਰੇਵਿਆਂ ਦੇ ਬਾਵਜੂਦ ਸੰਮਲਿਤ ਕਰਕੇ ਸਿੱਖਣ ਸਿਖਾਉਣ ਦਾ ਅਜਿਹਾ ਮਾਹੌਲ ਤੇ ਤਰੀਕੇ ਲੱਭੇ ਜਾਣ ਤਾਂ ਕਿ ਹਰ ਬੱਚਾ ਆਪਣੇ ਘਰ, ਸਮੁਦਾਇ, ਭਾਸ਼ਾ ਅਤੇ ਸੰਸਕ੍ਰਿਤੀ ਨੂੰ ਮਹੱਤਵਪੂਰਨ ਸਮਝੇ ਅਤੇ ਉਸਦੀਆਂ ਵਿਭਿੰਨ ਸਮਰੱਥਾਵਾਂ ਨੂੰ ਮਾਨਤਾ ਮਿਲੇ ਅਤੇ ਇਹ ਮੰਨਿਆ ਜਾਵੇ ਕਿ ਸਾਰੇ ਬੱਚਿਆਂ ਵਿਚ ਸਿੱਖਣ ਦੀ ਸਮਰੱਥਾ ਹੈ ।

ਜਮਾਤ ਵਿਚ ਸਮਾਵੇਸ਼ੀ ਮਾਹੌਲ ਤਿਆਰ ਕੀਤਾ ਜਾਵੇ ਖਾਸ ਕਰਕੇ ਉਹ ਬੱਚੇ ਜੋ ਹਾਸ਼ੀਏ ਤੇ ਹਨ, ਇਹ ਉਹ ਬੱਚੇ ਵੀ ਹੋ ਸਕਦੇ ਹਨ, ਜਿਨ੍ਹਾਂ ਵਿਚ ਕੁਝ ਅਸਮਰੱਥਾਵਾਂ ਹਨ ਤੇ ਜਾਂ ਫਿਰ ਉਹ ਬੱਚੇ ਜੋ ਕਿਸੇ ਵੀ ਸਮਾਜਕ ਆਰਥਕ ਰੂਪ ਵਿਚ ਵੰਚਿਤ ਵਰਗ ਦੇ ਹਨ । ਬੱਚੇ ਨੂੰ ਅਯੋਗ, ਅਸਮਰੱਥ, ਵਰਗੇ ਸ਼ਬਦਾਂ ਨਾਲ ਨਿਵਾਜ਼ਣ ਤੇ ਉਹਨਾਂ ਵਿਚ ਇਕ ਤਰ੍ਹਾਂ ਦੀ ਕੁੰਠਾ, ਬੇਸਹਾਰਾ ਹੋਣ ਦੀ ਭਾਵਨਾ ਘਰ ਕਰ ਜਾਂਦੀ ਹੈ । ਚੁਣੌਤੀ ਗ੍ਰਸਤ ਬੱਚਿਆਂ ਲਈ ਵੱਧ ਤੋਂ ਵੱਧ ਮੌਕੇ ਹੋਣੇ ਚਾਹੀਦੇ ਹਨ ਤਾਂ ਕਿ ਉਹਨਾਂ ਵਿਚਲੀਆਂ ਸੰਭਾਵਨਾਵਾਂ ਦਾ ਵਿਕਾਸ ਕੀਤਾ ਜਾ ਸਕੇ ਅਤੇ ਵਿਸ਼ੇਸ਼ ਲੋੜਾਂ ਦੀ ਪੂਰਤੀ ਵਾਲਾ ਮਾਹੌਲ ਸਿਰਜਿਆ ਜਾਣਾ ਚਾਹੀਦਾ ਹੈ । ਵਾਰ-ਵਾਰ ਸਮਝਾਉਣ ਤੇ ਸਿਖਾਉਣ ਨਾਲ ਜੇਕਰ ਕੋਈ ਬੱਚਾ ਸਿੱਖ ਨਹੀਂ ਰਿਹਾ ਤਾਂ ਉਸ ਵੱਲ ਵਿਸ਼ੇਸ਼ ਧਿਆਨ ਦੇਣ ਦੀ ਜ਼ਰੂਰਤ ਹੈ । ਅਜਿਹੇ ਬੱਚੇ ਦੇਖਣ ਨੂੰ ਵੱਖਰੇ ਨਹੀਂ ਲੱਗਦੇ, ਇਸ ਲਈ ਅਧਿਆਪਕ ਨੂੰ ਬਹੁਤ ਧਿਆਨ ਰੱਖਣ ਦੀ ਜ਼ਰੂਰਤ ਹੈ । ਵਾਰ-ਵਾਰ ਸਿਖਾਉਣ ਤੇ ਬੱਚਾ ਅੱਖਰ ਜੇ ਉਲਟਾ ਲਿਖਦਾ ਹੈ ਤਾਂ ਉਸ ਵਿਚ ਡਿਸਲੈਕਸਿਆ ਹੋ ਸਕਦਾ ਹੈ । ਅਜਿਹੇ ਬੱਚਿਆਂ ਨੂੰ ਚਿੱਤਰਾਂ ਦੇ ਜ਼ਰੀਏ ਸਿਖਾਇਆ ਜਾ ਸਕਦਾ ਹੈ । ਬੱਚਿਆਂ ਨੂੰ ਵਿਅਕਤੀਗਤ ਰੂਪ, ਸਮੂਹਿਕ ਰੂਪ ਵਿਚ ਜਾਂ ਜੋੜਿਆਂ ਦੇ ਰੂਪ ਵਿਚ ਬਿਠਾ ਕੇ ਸਿੱਖਣ ਦੇ ਅਭਿਆਸ ਦਿੱਤੇ ਜਾ ਸਕਦੇ ਹਨ । ਜਮਾਤ ਵਿਚ ਜੇਕਰ ਕੋਈ ਬੱਚਾ ਅਜਿਹਾ ਹੈ ਜੋ ਦੇਖ ਨਹੀਂ ਸਕਦਾ ਤਾਂ ਉਸਨੂੰ ਅਜਿਹੇ ਬੱਚੇ ਨਾਲ ਬਿਠਾਓ, ਜੋ ਉਸਨੂੰ ਚਿੱਤਰ ਬਾਰੇ ਦੱਸ ਸਕੇ । ਜੋਟੀਆਂ ਵਿਚ ਬੱਚੇ ਬਿਠਾਉਣ ਵੇਲੇ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਦੋਨਾਂ ਬੱਚਿਆਂ ਨੂੰ ਉਸ ਗਤੀਵਿਧੀ ਵਿਚ ਭਾਗ ਲੈਣ ਦੇ ਇਕੋ ਜਿਹੇ ਮੌਕੇ ਮਿਲਣ ਭਾਵ ਕਿ ਬੋਲਣ ਜਾਂ ਕੁਝ ਕਰਨ ਦੇ ਮੌਕੇ ਦੋਵਾਂ ਨੂੰ ਸਮਾਨ ਰੂਪ ਵਿਚ ਮਿਲਣ । ਸਿੱਖਣ ਸਿਖਾਉਣ ਵਿਧੀਆਂ, ਬੱਚਿਆਂ ਦੇ ਤਜ਼ਰਬਿਆਂ ਵਿਚ ਵਾਧਾ ਕਰਨ ਵਾਲੀਆਂ ਹੋਣੀਆਂ ਚਾਹੀਦੀਆਂ ਹਨ । ਚਾਹੇ ਬੱਚੇ ਕਿਸੇ ਵੀ ਸਮਾਜਕ, ਆਰਥਕ, ਸੰਸਕ੍ਰਿਤ ਵਰਗ ਦੇ ਹਨ । ਬੱਚਿਆਂ ਦੀਆਂ ਪ੍ਰਾਪਤੀਆਂ ਜਾਨਣ ਲਈ ਇਹਨਾਂ ਦਾ ਰਿਕਾਰਡ ਰੱਖਿਆ ਜਾਵੇ । ਸਮਾਵੇਸ਼ੀ ਸਿੱਖਿਆ ਜਮਾਤ ਦੇ ਸੰਦਰਭ ਵਿਚ ਭਾਸ਼ਾ ਦੇ ਕੀ ਸੰਕੇਤਕ ਹੋਣੇ ਚਾਹੀਦੇ ਹਨ, ਇਹ ਜਾਨਣ ਤੋਂ ਪਹਿਲਾ ਇਹ ਜਾਨਣਾ ਜ਼ਿਆਦਾ ਜ਼ਰੂਰੀ ਹੈ ਕਿ ਸਾਨੂੰ ਭਾਸ਼ਾ ਦੀ ਜ਼ਰੂਰਤ ਕਿਉਂ ਹੈ?

## ਭਾਸ਼ਾ ਕਿਉਂ

ਇਸ ਸਵਾਲ ਦੇ ਜਵਾਬ ਵਿਚ ਅਸੀਂ ਇਹੀ ਕਹਿੰਦੇ ਹਾਂ ਕਿ ਆਪਣੇ ਵਿਚਾਰ ਦੂਜਿਆਂ ਤੱਕ ਪਹੁੰਚਾਉਣ ਲਈ ਭਾਸ਼ਾ ਇਕ ਮਾਧਿਅਮ ਹੈ । ਇਹੀ ਪਰਿਭਾਸ਼ਾ ਹੁਣ ਤੱਕ ਅਸੀਂ ਪੜ੍ਹਦੇ ਆਏ ਹਾਂ ਕਿ ਭਾਸ਼ਾ ਵਿਚਾਰਾਂ ਦੇ ਪ੍ਰਗਟਾਓ ਦਾ ਸਾਧਨ ਹੈ , ਜਿਸ ਨਾਲ ਅਸੀਂ ਕੁਝ ਕਹਿੰਦੇ ਹਾਂ ਜਾਂ ਲਿਖਦੇ ਹਾਂ ਜਾਂ ਕਿਸੇ ਹੋਰ ਦੁਆਰਾ ਕਹੇ ਤੇ ਲਿਖੇ ਨੂੰ, ਸੁਣਦੇ ਅਤੇ ਪੜ੍ਹਦੇ ਹਾਂ । ਭਾਸ਼ਾ ਦੇ ਚਾਰ ਕੌਸ਼ਲਾ ਦੀ ਮਹੱਤਤਾ ਨੇ ਇਸ ਗੱਲ ਨੂੰ ਅੱਖੋਂ ਪਰੋਖੇ ਕਰ ਦਿੱਤਾ ਕਿ ਕਹਿਣ ਸੁਣਨ ਵਾਲਿਆ ਕੋਲ ਦਿਮਾਗ ਵੀ ਹੈ । ਬਾਰਤੋ ਬਰੈਖ਼ਤ ਅਨੁਸਾਰ, ਆਮ ਆਦਮੀ ਕਿੰਨਾ ਉਪਯੋਗੀ ਹੈ, ਉਹ ਉੱਡ ਸਕਦਾ ਹੈ, ਉਹ ਮਾਰ ਸਕਦਾ ਹੈ ਪਰ ਉਸ ਵਿਚ ਇਕ ਨੁਕਸ ਹੈ ਕਿ ਉਹ ਸੋਚ ਸਕਦਾ ਹੈ । ਬੱਚੇ ਜੋ ਕੁਝ ਦੇਖਦੇ ਜਾਂ ਸੁਣਦੇ ਹਨ, ਉਹ ਆਪਣੀ ਦ੍ਰਿਸ਼ਟੀ ਅਤੇ ਸਮਝ ਅਨੁਸਾਰ ਦੇਖਦੇ ਸੁਣਦੇ ਹਨ ਅਤੇ ਆਪਣੀ ਹੀ ਦ੍ਰਿਸ਼ਟੀ ਤੇ ਸਮਝ ਮੁਤਾਬਕ ਬੋਲਦੇ ਅਤੇ ਲਿਖਦੇ ਹਨ । ਉਹਨਾਂ ਦੀ ਇਹ ਦ੍ਰਿਸ਼ਟੀ ਜਾਂ ਸਮਝ ਸਮਾਜ ਦੇ ਅੰਦਰ ਹੀ ਬਣਦੀ ਹੈ । ਇਸ ਲਈ ਉਹਨਾਂ ਦੇ ਸਮਾਜਕ ਤੇ ਵਾਤਾਵਰਨਿਕ ਪਿਛੋਕੜ ਅਤੇ ਸਕੂਲ ਵਿਚ ਬਣ ਰਹੀ ਬੱਚੇ ਦੀ ਸਮਝ ਨੂੰ ਭਾਸ਼ਾ ਦੇ ਸਕਣ ਦੇ ਸਮਰੱਥ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ । ਪਰ ਕੀ ਹੁੰਦਾ ਹੈ? ਜਦੋਂ ਬੱਚਾ ਸਕੂਲ ਆਉਂਦਾ ਹੈ ਤਾਂ ਘਰ ਦੀ ਭਾਸ਼ਾ ਅਤੇ ਸਕੂਲ ਦੀ ਭਾਸ਼ਾ ਵਿਚ ਇਕ ਯੁੱਧ ਸ਼ੁਰੂ ਹੋ ਜਾਂਦਾ ਹੈ । ਇਸ ਯੁੱਧ ਵਿਚ ਕਿਸ਼ੋਰ ਅਵਸਥਾ ਵਿਚ ਪਹੁੰਚ ਰਹੇ ਬੱਚੇ ਨੂੰ ਵੀ ਜੂਝਣਾ ਪੈਂਦਾ ਹੈ । ਉਸ ਕੋਲ ਆਪਣੇ ਆਲੇ ਦੁਆਲੇ ਅਤੇ ਸਮਾਜ ਪ੍ਰਤੀ ਅਨੇਕਾਂ ਸੁਆਲ ਹੁੰਦੇ ਹਨ ਜਿਹਨਾਂ ਦਾ ਉਹ ਉੱਤਰ ਲੱਭਦੇ ਹਨ । ਜੇਕਰ ਸਾਡੀ ਭਾਸ਼ਾ ਦੀ ਸ਼੍ਰੇਣੀ ਵਿਚ ਉਹਨਾਂ ਦੇ ਸੁਆਲ ਦੇ ਜਵਾਬ ਮਿਲਣ ਜਾਂ ਦਿੱਤੇ ਜਾਣ, ਇਹੀ ਭਾਸ਼ਾ ਦੀ ਸਾਰਥਕਤਾ ਹੈ । ਭਾਸ਼ਾ ਦੀ ਪਾਠਕ੍ਰਮ ਸਮੱਗਰੀ ਇਸ ਤਰ੍ਹਾਂ ਦੀ ਹੋਵੇ ਕਿ ਉਸਨੂੰ ਆਪਣੇ ਆਲੇ-ਦੁਆਲੇ ਤੇ ਸਮਾਜ ਪ੍ਰਤੀ ਪੈਦਾ ਹੁੰਦੇ ਪ੍ਰਸ਼ਨਾਂ ਦੇ ਉੱਤਰ ਦੇਵੇ ।

ਸਿੱਖਣ ਸੰਕੇਤਕ ਤਿੰਨ ਪੱਧਰ ਤੇ ਤਿਆਰ ਕੀਤੇ ਗਏ ਹਨ ਪਹਿਲਾ ਪੱਧਰ ਪਹਿਲੀ ਤੋਂ ਤੀਜੀ ਜਮਾਤ, ਦੂਜਾ ਚੌਥੀ ਅਤੇ ਪੰਜਵੀ ਅਤੇ ਤੀਜਾ ਪੱਧਰ ਛੇਵੀ ਤੋਂ ਅੱਠਵੀਂ ਤੱਕ ਦੇ ਬੱਚਿਆਂ ਦੇ ਭਾਸ਼ਾ ਸਿੱਖਣ ਸਬੰਧੀ ਸੰਕੇਤਕਾਂ ਤੇ ਚਰਚਾ ਕੀਤੀ ਜਾਵੇਗੀ । ਸੰਕੇਤਕਾਂ ਬਾਰੇ ਚਰਚਾ ਕਰਨ ਤੋਂ ਪਹਿਲਾਂ ਭਾਸ਼ਾ ਕੌਸ਼ਲਾ ਬਾਰੇ ਵੀ ਕੁਝ ਜ਼ਰੂਰੀ ਗੱਲਾਂ ਜਾਨਣੀਆਂ ਜ਼ਰੂਰੀ ਹਨ । ਭਾਸ਼ਾ ਦੇ ਚਾਰ ਪ੍ਰਮੁੱਖ ਕੌਸ਼ਲ, ਸੁਣਨਾ ਬੋਲਣਾ, ਪੜ੍ਹਨਾ ਅਤੇ ਲਿਖਣਾ ਹਨ ਅਤੇ ਇਹ ਚਾਰੋ ਆਪਸ ਵਿਚ ਜੁੜੇ ਹੋਏ ਹਨ ।

## ਸੁਣਨਾ-ਬੋਲਣਾ

ਸੁਣਨ ਅਤੇ ਬੋਲਣ ਕੌਸ਼ਲ ਵਿਚ ਪ੍ਰਬੀਨਤਾ ਤੋਂ ਅਸੀਂ ਇਹੀ ਦੇਖਦੇ ਹਾਂ ਕਿ ਬੱਚੇ ਪੜ੍ਹਨ ਅਤੇ ਸੁਣਨ ਅਤੇ ਜਿਉਂ ਦਾ ਤਿਉਂ ਬੋਲ ਦੇਣ । ਸੁਣਨ ਅਤੇ ਬੋਲਣ ਵਿਚ ਸਮਝ ਦੀ ਭੂਮਿਕਾ ਨੂੰ ਭੁੱਲਦੇ ਗਏ ।

ਜਦੋਂ ਕਿ ਕਿਸੇ ਗੱਲ ਤੇ ਪ੍ਰਤੀਕਿਰਿਆ ਨਾ ਕਰਨ ਵਾਲੇ ਨੂੰ (ਨਾ ਸੁਣਨ ਦੇ ਅਰਥ ਵਿਚ) ਅਸੀਂ ਇਹੀ ਕਹਿੰਦੇ ਹਾਂ, ਤੁਸੀਂ ਸੁਣ ਨਹੀਂ ਰਹੇ ਹੋ? ਇਹਨਾਂ ਸ਼ਬਦਾਂ ਦਾ ਅਰਥ ਹੈ ਸੁਣਨ ਅਤੇ ਬੋਲਣ ਦਾ ਬਿਨਾ ਸਮਝ ਤੋਂ ਕੋਈ ਅਰਥ ਨਹੀਂ ਹੈ । ਇਸ ਤਰ੍ਹਾਂ ਇਸ ਕੌਸ਼ਲ ਵਿਚ ਅਸੀਂ ਸਮਝ ਦੀ ਅਹਿਮ ਭੂਮਿਕਾ ਨੂੰ ਭੁੱਲ ਗਏ ਹਾਂ । ਇਹ ਸਮਝ ਹੀ ਹੈ, ਜੋ ਸੁਣਨ ਤੇ ਬੋਲਣ ਨੂੰ ਸਾਰਥਕਤਾ ਪ੍ਰਦਾਨ ਕਰਦੀ ਹੈ ।

## ਪੜ੍ਹਨਾ

ਪੜ੍ਹਨਾ ਇਕ ਕਿਤਾਬੀ ਕੌਸ਼ਲ ਨਹੀਂ ਸਗੋਂ ਇਕ ਤਹਿਜ਼ੀਬ ਅਤੇ ਤਰਕੀਬ ਹੈ । ਪੜ੍ਹਨਾ, ਪੜ੍ਹ ਕੇ ਸਮਝਣਾ, ਉਸ ਉੱਤੇ ਪ੍ਰਤੀਕਿਰਿਆ ਕਰਨਾ ਇਕ ਪ੍ਰਕਿਰਿਆ ਹੈ । ਪੜ੍ਹਨਾ ਬੁਨਿਆਦੀ ਤੌਰ ਤੇ ਇਕ ਅਰਥਵਾਨ ਗਤੀਵਿਧੀ ਹੈ । ਲਿਖਣ ਸਮੱਗਰੀ ਨੂੰ ਕੁਝ ਸੰਦਰਭਾ ਤੇ ਅਨੁਮਾਨ ਦੇ ਅਧਾਰ ਤੇ ਅਰਥ

ਲੱਭਣ ਦੀ ਕੋਸ਼ਿਸ਼ ਪੜ੍ਹਨਾ ਹੈ । ਸਮਝ ਦੇ ਅਧਾਰ ਉੱਤੇ ਪੜ੍ਹਨ ਨਾਲ ਉਸ ਵਿਚੋਂ ਹੋਰ ਉਸਾਰੂ ਸੁਆਲ ਮਨ ਵਿਚ ਪੈਦਾ ਹੋਣ, ਪੜ੍ਹਨ ਦਾ ਚੰਗਾ ਗੁਣ ਸਮਝਿਆ ਜਾਂਦਾ ਹੈ ।

**ਲਿਖਣਾ**

ਲਿਖਣਾ ਇਕ ਸਾਰਥਕ ਗਤੀਵਿਧੀ ਉਦੋਂ ਹੀ ਬਣੇਗੀ ਜਦੋਂ ਅਸੀਂ ਬੱਚੇ ਨੂੰ ਆਪਣੀ ਭਾਸ਼ਾ, ਆਪਣੀ ਕਲਪਨਾ ਦ੍ਰਿਸ਼ਟੀ ਨਾਲ ਲਿਖਣ ਦੀ ਅਜ਼ਾਦੀ ਦੇਵਾਂਗੇ । ਬੱਚਿਆਂ ਨੂੰ ਅਜਿਹੇ ਮੌਕੇ ਮਿਲਣ ਕੇ ਉਹ ਆਪਣੀ ਭਾਸ਼ਾ ਤੇ ਸ਼ੈਲੀ ਵਿਕਸਿਤ ਕਰ ਸਕਣ ਨਾ ਕੇ ਬਲੈਕ ਬੋਰਡ ਤੇ ਲਿਖੇ, ਕਿਤਾਬਾਂ ਤੋਂ ਦੇਖ ਕੇ, ਜਾਂ ਫਿਰ ਅਧਿਆਪਕ ਦੇ ਲਿਖੇ ਦੀ ਹੀ ਨਕਲ ਕਰਦੇ ਰਹਿਣ ।

ਜਦੋਂ ਬੱਚਿਆਂ ਨੂੰ ਬਿਹਤਰ ਭਾਸ਼ਾ ਮਾਹੌਲ ਮਿਲੇਗਾ ਤਾਂ ਉਹ ਭਾਸ਼ਾ ਸਿੱਖਦੇ ਤੇ ਸਮਰੱਥਾ ਪ੍ਰਾਪਤ ਕਰਦੇ ਰਹਿਣਗੇ । ਭਾਸ਼ਾਈ ਪ੍ਰਾਪਤੀ ਵਿਚ ਬੱਚੇ ਅਨੇਕਾਂ ਤਰ੍ਹਾਂ ਦੇ ਅਨੁਭਵ ਪ੍ਰਾਪਤ ਕਰਦੇ ਜਾਂਦੇ ਹਨ ਅਤੇ ਵੱਖ-ਵੱਖ ਅਨੁਭਵਾਂ ਦੇ ਨਾਲ ਭਾਸ਼ਾ ਦੇ ਪ੍ਰਯੋਗ ਤੋਂ ਵੀ ਜਾਣੂ ਹੁੰਦੇ ਚਲੇ ਜਾਂਦੇ ਹਨ । ਇਸ ਸਭ ਦੇ ਸਿੱਟੇ ਵੱਜੋਂ ਭਾਸ਼ਾ ਸਿੱਖਣ ਸਬੰਧੀ ਕਿਸੇ ਵੀ ਰਸਮੀ ਪ੍ਰਤੀਕਿਰਿਆ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਉਹਨਾਂ ਅੰਦਰ ਆਪਣੀ ਗੱਲ ਨੂੰ ਕਹਿਣ ਸੁਣਨ ਦੀ ਸਮਰੱਥਾ ਹੁੰਦੀ ਹੈ । ਬੱਚੇ ਦੀ ਸਿੱਖਣ ਸਮਰੱਥਾ ਪ੍ਰਤੀ ਸਾਡੀ ਸਮਝ ਹੀ ਸਿੱਖਣ ਸਿਖਾਉਣ ਦੇ ਤਰੀਕਿਆਂ ਨੂੰ ਪ੍ਰਭਾਵਿਤ ਕਰਦੀ ਹੈ ।

**ਤੀਜੀ ਜਮਾਤ ਤੱਕ**

ਬੱਚੇ ਆਪਣੇ ਘਰੇਲੂ ਮਾਹੌਰ ਤੋਂ ਪ੍ਰਾਪਤ ਬੋਲ-ਚਾਲ ਦੀ ਭਾਸ਼ਾ ਦੇ ਅਨੁਭਵ ਲੈ ਕੇ ਸਕੂਲ ਆਉਂਦੇ ਹਨ । ਪਹਿਲੀ ਵਾਰ ਸਕੂਲ ਵਿਚ ਆਉਣ ਵਾਲਾ ਬੱਚਾ ਸ਼ਬਦਾਂ ਦੇ ਅਰਥਾਂ ਤੋਂ ਜਾਣੂੰ ਹੁੰਦਾ ਹੈ । ਲਿਪੀਬੱਧ ਚਿੰਨ ਅਤੇ ਉਹਨਾ ਨਾਲ ਜੁੜੀਆਂ ਧੁਨੀਆਂ ਬੱਚੇ ਲਈ ਅਮੂਰਤ ਹਨ । ਇਸ ਲਈ ਪੜ੍ਹਨ ਦਾ ਆਰੰਭ ਅਰਥ ਤੇ ਕਿਸੇ ਉਦੇਸ਼ ਲਈ ਹੋਣਾ ਚਾਹੀਦਾ ਹੈ । ਇਹ ਉਦੇਸ਼ ਕਹਾਣੀ ਸੁਣ ਕੇ, ਪੜ੍ਹ ਕੇ, ਆਨੰਦ ਲੈਣ ਦੇ ਰੂਪ ਵਿਚ ਵੀ ਹੋ ਸਕਦੀ ਹੈ । ਇਸ ਨਾਲ ਹੌਲੀ-ਹੌਲੀ ਵਿਚ ਭਾਸ਼ਾ ਦੀ ਲਿਪੀ ਨਾਲ ਜਾਣੂੰ ਹੋ ਕੇ, ਆਪਣੇ ਪਰਿਵੇਸ਼ ਵਿਚ ਉਪਲਬਧ ਲਿਖਤ ਭਾਸ਼ਾ ਨੂੰ ਵੀ ਪੜ੍ਹਨ ਅਤੇ ਲਿਖਣ ਦੀ ਜਗਿਆਸਾ ਉਤਪੰਨ ਹੁੰਦੀ ਹੈ । ਭਾਸ਼ਾ ਸਿੱਖਣ ਦੀ ਇਸ ਪ੍ਰਕਿਰਿਆ ਦੇ ਮੂਲ ਵਿਚ ਬੱਚੇ ਬਾਰੇ ਇਹ ਧਾਰਨਾ ਹੈ ਕਿ ਬੱਚੇ ਦੁਨੀਆਂ ਦੇ ਬਾਰੇ ਵਿਚ ਆਪਣੀ ਸਮਝ ਤੇ ਗਿਆਨ ਦਾ ਨਿਰਮਾਣ ਖੁਦ ਕਰਦੇ ਹਨ । ਇਹ ਸਮਝ ਕਿਸੇ ਦੇ ਸਿਖਾਉਣ ਜਾਂ ਜ਼ੋਰ ਜ਼ਬਰਦਸਤੀ ਨਾਲ ਨਹੀਂ ਬਲਕਿ ਬੱਚਿਆਂ ਦੇ ਆਪਣੇ ਤਜ਼ਰਬਿਆਂ ਅਤੇ ਲੋੜਾਂ ਤੇ ਅਧਾਰਤ ਹੁੰਦੀ ਹੈ । ਇਸ ਲਈ ਬੱਚਿਆਂ ਨੂੰ ਅਜਿਹਾ ਵਾਤਾਵਰਨ ਮਿਲਣਾ ਜ਼ਰੂਰੀ ਹੈ, ਜਿੱਥੇ ਉਹ ਬਿਨਾਂ ਕਿਸੇ ਰੋਕ-ਟੋਕ ਦੇ ਆਪਣੀ ਉਤਸੁਕਤਾ ਅਨੁਸਾਰ ਆਪਣੇ ਪਰਿਵੇਸ਼ ਦੀ ਖੋਜ਼-ਬੀਨ ਕਰ ਸਕਣ ।

ਇਹੀ ਧਾਰਨਾ ਬੱਚੇ ਦੇ ਭਾਸ਼ਕ ਕੌਸ਼ਲਾ ਤੇ ਵੀ ਲਾਗੂ ਹੁੰਦੀ ਹੈ । ਸਕੂਲ ਵਿਚ ਆਉਣ ਬੱਚੇ ਅਕਸਰ ਆਪਣੇ ਆਪ ਨੂੰ ਬੇਝਿਜਕ ਪ੍ਰਗਟਾਉਣ ਵਿਚ ਅਸਮਰੱਥ ਪਾਉਂਦੇ ਹਨ, ਕਿਉਂਕਿ ਜਿਸ ਭਾਸ਼ਾ ਵਿਚ ਸਹਿਜ ਰੂਪ ਨਾਲ ਉਹ ਆਪਣੀ ਰਾਏ, ਅਨੁਭਵ ਤੇ ਭਾਵਨਾਵਾ ਪ੍ਰਗਟ ਕਰਨੀਆਂ ਚਾਹੁੰਦੇ ਹਨ ਉਹ ਸਕੂਲ ਰੂਪ ਵਿਚ ਸਵੀਕਾਰੀ ਨਹੀਂ ਜਾਂਦੀ । ਭਾਸ਼ਾ ਸਿੱਖਣ ਦੇ ਬਹੁਭਾਸ਼ੀ ਸੰਦਰਭ ਵਿਚ ਰੱਖਕੇ ਦੇਖਣ ਦੀ ਲੋੜ ਹੈ । ਹਰ ਸ਼੍ਰੇਣੀ ਵਿਚ ਬੱਚੇ ਅਲੱਗ-ਅਲੱਗ ਭਾਸ਼ਾਈ ਤੇ ਸੰਸਕ੍ਰਿਤ ਪਿੱਠ ਭੂਮੀ ਤੋਂ ਆਉਂਦੇ ਹਨ, ਜਿਹਨਾਂ ਦਾ ਜਮਾਤ ਵਿਚ ਸਵਾਗਤ ਕੀਤਾ ਜਾਣਾ ਬਣਦਾ ਹੈ । ਅੱਜ ਬਹੁਭਾਸ਼ਕਤਾ ਨੂੰ ਬੱਚੇ ਦੇ ਵਿਅਕਤੀਤਵ ਦੇ ਵਿਕਾਸ ਲਈ ਇਕ ਸਾਧਨ ਦੇ ਵਜੋਂ ਵਿਕਸਤ ਕਰਨ ਦੀ ਲੋੜ ਹੈ ।

**ਪੰਜਵੀਂ ਸ਼ੇਣੀ ਤੱਕ**

ਚੌਥੀ ਜਮਾਤ ਤੱਕ ਪਹੁੰਚਦੇ-ਪਹੁੰਚਦੇ ਬੱਚੇ, ਸਕੂਲ ਤੋਂ ਜਾਣੂ ਹੋ ਜਾਂਦੇ ਹਨ ਅਤੇ ਸਕੂਲ ਦੇ ਵਾਤਾਵਰਨ ਵਿਚ ਘੁਲ-ਮਿਲ ਜਾਂਦੇ ਹਨ । ਸਕੂਲ ਦਾ ਵਾਤਾਵਰਨ ਅਤੇ ਦੂਜਿਆ ਬੱਚਿਆਂ ਦਾ ਸਾਥ

ਉਹਨਾਂ ਨੂੰ ਸਥਾਨਕ, ਇਤਿਹਾਸਕ, ਸੰਸਕ੍ਰਿਤ ਪਰਿਵੇਸ਼ ਤੋਂ ਜਾਣੂੰ ਕਰਾਉਂਦਾ ਹੈ । ਬੱਚੇ ਹੋਰਾਂ ਭਾਸ਼ਾਵਾਂ ਪ੍ਰਤੀ ਵੀ ਸੰਵੇਦਨਸ਼ੀਲ ਹੋ ਜਾਂਦੇ ਹਨ । ਇਸ ਪੱਧਰ ਤੇ ਬੱਚੇ ਦੀ ਭਾਸ਼ਾ ਨਾਲ ਜੁੜੇ ਕੌਸ਼ਲਾ ਦੀ ਪ੍ਰਕਿਰਤੀ ਵਿਚ ਗੁਣਾਤਮਕ ਪਰਿਵਰਤਨ ਆਉਂਦੇ ਹਨ । ਸੁਤੰਤਰ ਰੂਪ ਵਿਚ ਪੜ੍ਹਨ ਦੀ ਆਦਤ ਵਿਕਸਤ ਹੁੰਦੀ ਹੈ । ਪੜ੍ਹੀ ਹੋਈ ਸਮੱਗਰੀ ਨਾਲ ਨਾਮਬੋਧਕ, ਭਾਵਨਾਤਮਕ ਤੌਰ ਤੇ ਜੁੜ ਕੇ ਉਹ ਉਸ ਬਾਰੇ ਮੌਲਿਕ ਵਿਚਾਰ ਪ੍ਰਗਟ ਕਰਨ ਦੇ ਸਮਰੱਥ ਹੋ ਸਕਦੇ ਹਨ । ਇਸ ਜਮਾਤ ਤੱਕ ਪਹੁੰਚਦੇ-ਪਹੁੰਚਦੇ ਲਿਖਣਾ ਇਕ ਪ੍ਰਕਿਰਿਆ ਦੇ ਰੂਪ ਵਿਚ ਆਰੰਭ ਹੋ ਜਾਂਦਾ ਹੈ ਅਤੇ ਉਹ ਆਪਣੇ ਵਿਚਾਰਾਂ ਨੂੰ ਸੰਗਠਿਤ ਢੰਗ ਨਾਲ ਲਿਖਣ ਲੱਗਦੇ ਹਨ ।

**ਅੱਠਵੀਂ ਸ਼੍ਰੇਣੀ ਤੱਕ**

ਛੇਵੀਂ ਤੇ ਅੱਠਵੀ ਜਮਾਤ ਤੱਕ ਦੇ ਬੱਚੇ ਕਿਸ਼ੋਰ ਅਵਸਥਾ ਵਿਚ ਪੈਰ ਧਰ ਰਹੇ ਹੁੰਦੇ ਹਨ । ਇਹ ਸਮਾਂ ਸਰੀਰਕ ਪਰਿਵਰਤਨਾਂ ਤੇ ਮਨੋਦਸ਼ਾ ਦੀ ਦ੍ਰਿਸ਼ਟੀ ਤੋਂ ਸੰਵੇਦਨਸ਼ੀਲ ਹੁੰਦਾ ਹੈ । ਇਸ ਸੰਕਰਾਂਤੀ ਕਾਲ ਵਿਚ ਸਕੂਲ, ਜਮਾਤ ਅਤੇ ਅਧਿਆਪਕ ਦੀ ਹਾਂ ਪੱਖੀ ਭੂਮਿਕਾ ਵਿਦਿਆਰਥੀਆਂ ਵਿਚਲੀ ਊਰਜਾ ਤੇ ਜਗਿਆਸਾ ਨੂੰ ਇਕ ਸਾਰਥਕ ਕੇ ਸਵੱਛ ਦਿਸ਼ਾ ਦੇ ਸਕਦੀ ਹੈ । ਬੱਚਿਆਂ ਦਾ ਜਮਾਤ ਨਾਲ ਭਾਵਨਾਤਮਕ ਤੌਰ ਤੇ ਬੋਧਿਕ ਤੌਰ ਤੇ ਜੁੜਨਾ ਜ਼ਰੂਰੀ ਹੈ ।

ਸੁਹਜਾਤਮਕ ਬੋਧ, ਸਾਹਿਤ ਬੋਧ ਅਤੇ ਸਮਾਜਕ ਰਾਜਨੀਤਿਕ ਬੋਧ ਦੀ ਦ੍ਰਿਸ਼ਟੀ ਤੋਂ ਸਕੂਲੀ ਜੀਵਨ ਦਾ ਇਹ ਪੱਧਰ ਅਤਿਅੰਤ ਮਹੱਤਵਪੂਰਨ ਹੈ, ਕਿਉਂਕਿ ਪੱਧਰ ਤੇ ਕਈ ਕਿਸਮ ਦੀ ਦ੍ਰਿਸ਼ਟੀਆਂ ਦੇ ਬੀਜ ਫੁੱਟਦੇ ਹਨ । ਚਾਹੇ ਭਾਸ਼ਾਈ ਸੁਹਜ ਹੋਵੇ ਜਾਂ ਹੋਰ ਕੋਈ ਚੀਜ਼ ਸੁੰਦਰ ਹੋਵੇ-ਉਹ ਕਿਉਂ ਹੈ? ਜੇਕਰ ਕੋਈ ਚੀਜ਼ ਰਚਨਾ ਜਾਂ ਫ਼ਿਲਮ ਵਧੀਆ ਹੈ ਤਾਂ ਅਜਿਹੇ ਕਿਹੜੇ ਬਿੰਦੂ ਹਨ ਜੋ ਉਸ ਨੂੰ ਵਧੀਆ ਬਣਾ ਰਹੇ ਹਨ ਉਸ ਬਾਰੇ ਸੋਚ ਦਾ ਸਪੱਸ਼ਟ ਹੋਣਾ ਜ਼ਰੂਰੀ ਹੈ ।

ਪ੍ਰਾਰੰਭਿਕ ਪੱਧਰ ਤੇ ਸਮਝ ਕੇ ਪੜ੍ਹਨਾ ਸਿੱਖਣ ਲੈਣ ਤੋਂ ਬਾਅਦ ਹੁਣ ਵਿਦਿਆਰਥੀ ਪੜ੍ਹਨ ਸਮੇਂ ਕਿਸੇ ਰਚਨਾ ਨਾਲ ਭਾਵਨਾਤਮਕ ਰੂਪ ਨਾਲ ਜੁੜ ਸਕਣ, ਕੋਈ ਨਵੀਂ ਰਚਨਾ ਜਾਂ ਕਿਤਾਬ ਸਾਹਮਣੇ ਆਉਣ ਤੇ ਉਸ ਨੂੰ ਉਠਾ ਕੇ ਪਲਟਾਉਣ ਤੇ ਪੜ੍ਹਨ ਦੀ ਉਤਸੁਕਤਾ ਉਹਨਾਂ ਵਿਚ ਪੈਦਾ ਹੋਣੀ ਜ਼ਰੂਰੀ ਹੈ । ਅਖ਼ਬਾਰ ਦੇ ਵੱਖ-ਵੱਖ ਪੰਨਿਆਂ ਤੇ ਕਿਹੜੇ-ਕਿਹੜੇ ਅੰਕ ਛਪਦੇ ਹਨ, ਇਸ ਦੀ ਜਾਣਕਾਰੀ ਉਹਨਾਂ ਨੂੰ ਹੋਣੀ ਜ਼ਰੂਰੀ ਹੈ । ਅਖ਼ਬਾਰ ਵਿਚ ਛਪੀ ਕਿਸੇ ਖ਼ਬਰ, ਲੇਖ ਜਾਂ ਕਹੀ ਗਈ ਗੱਲ ਦਾ ਛੁਪਿਆ ਅਰਥ ਕੀ ਹੈ? ਇਸ ਸਭ ਨੂੰ ਪਛਾਨਣ ਦੀ ਯੋਗਤਾ ਉਹਨਾਂ ਵਿਚ ਪੈਦਾ ਹੋਣੀ ਜ਼ਰੂਰੀ ਹੈ। ਇਸ ਪੱਧਰ ਦੇ ਪੂਰਾ ਹੋਣ ਤੱਕ ਵਿਦਿਆਰਥੀਆਂ ਅੰਦਰ ਕਿਸੇ ਭਾਸ਼ਾ, ਵਿਅਕਤੀ, ਵਸਤੂ, ਸਥਾਨ ਅਤੇ ਰਚਨਾ ਦਾ ਵਿਸ਼ਲੇਸ਼ਣ ਕਰਨ ਦੀ ਯੋਗਤਾ, ਉਸਦੀ ਵਿਆਖਿਆ ਕਰਨ ਅਤੇ ਉਸ ਵਿਆਖਿਆ ਨੂੰ ਆਤਮ ਵਿਸ਼ਵਾਸ਼ ਤੇ ਸਪੱਸ਼ਟਤਾ ਨਾਲ ਪ੍ਰਗਅ ਕਰਨ ਦੇ ਸਮਰੱਥ ਹੋਣ ਲੱਗਣਗੇ ।

ਸਿੱਖਣ ਸਬੰਧੀ ਸੰਕੇਤਕ, ਸਿਖਣ ਸਿਖਾਉਣ ਨਾਲ ਜੁੜੇ ਉਦੇਸ਼ ਵੱਲ ਧਿਆਨ ਦੇਣ ਲਈ ਪ੍ਰੇਰਦੇ ਹਨ । ਸਿੱਖਣ ਸੰਕੇਤਕਾਂ ਨੂੰ ਡੂੰਘਾਈ ਨਾਲ ਸਮਝ ਕੇ ਅਤੇ ਉਸ ਅਨੁਸਾਰ ਆਪਣੀ ਜਮਾਤ ਦੀਆਂ ਪ੍ਰਕਿਰਿਆਵਾਂ ਨੂੰ ਨਿਰਧਾਰਤ ਕਰਨ ਲਈ ਇਹ ਜ਼ਰੂਰੀ ਹੈ ਕਿ ਵੱਖ-ਵੱਖ ਸ਼੍ਰੇਣੀਆਂ ਵਿਚ ਪਾਠ-ਕ੍ਰਮ ਦੇ ਉਦੇਸ਼ਾਂ ਨੂੰ ਸਮਝ ਲਿਆ ਜਾਵੇ ।

**ਮਾਤ ਭਾਸ਼ਾ-ਪਹਿਲੀ ਤੋਂ ਤੀਜੀ ਜਮਾਤ ਤੱਕ**

ਸੁਣਨਾ ਤੇ ਬੋਲਣਾ:-

- ਦੂਜਿਆ ਦੀਆਂ ਆਵਾਜ਼ਾਂ ਨੂੰ ਧਿਆਨ ਨਾਲ ਸੁਣਨਾ ।
- ਆਪਣੀ ਗੱਲ ਕਹਿਣ ਦੀ ਕੋਸ਼ਿਸ਼ ਕਰਨਾ (ਬੋਲ ਕੇ, ਇਸ਼ਾਰੇ ਨਾਲ, ਚਿਹਨਕ ਭਾਸ਼ਾ, ਚਿੱਤਰ ਬਣਾ ਕੇ ) ।

- ਦੂਜਿਆ ਦੀ ਗੱਲ ਨੂੰ ਸਮਝ ਕੇ ਆਪਣੇ ਸ਼ਬਦਾਂ ਵਿਚ ਕਹਿਣ ਦੀ ਕੋਸ਼ਿਸ਼ ਕਰਨਾ ।
- ਕੋਈ ਕਹਾਣੀ, ਕਵਿਤਾ ਆਦਿ ਨੂੰ ਧਿਆਨ ਨਾਲ ਸੁਣਨਾ ।
- ਛੋਟੀ ਕਹਾਣੀ, ਕਵਿਤਾ ਆਦਿ ਨੂੰ ਹਾਵ-ਭਾਵ ਨਾਲ ਸੁਣਾਉਣਾ ।

**ਪੜ੍ਹਨਾ ਅਤੇ ਲਿਖਣਾ:-**

1. ਚਿੱਤਰ ਦਾ ਅੰਦਾਜ਼ਾ ਲਾਉਂਦੇ ਹੋਏ ਪੜ੍ਹਨਾ ।
2. ਲਿਖਤ ਸਮੱਗਰੀ ਨੂੰ ਪੜ੍ਹਨਾ ।
3. ਪੜ੍ਹੀਆਂ ਹੋਈਆਂ ਗੱਲਾਂ ਨੂੰ ਸਮਝ ਕੇ, ਆਪਣੇ ਸ਼ਬਦਾਂ ਵਿਚ ਕਹਿਣ ਤੇ ਲਿਖਣ ਦੀ ਕੋਸ਼ਿਸ਼ ਕਰਨਾ ।
4. ਵੱਖ-ਵੱਖ ਸ੍ਰੋਤਾਂ (ਰੀਡਿੰਗ ਕਾਰਨਰ, ਪੋਸਟਰ, ਇਸ਼ਤਿਹਾਰ, ਬਾਲ ਪੱਤਰਕਾਵਾਂ, ਸੰਕੇਤਕ ਭਾਸ਼ਾ) ਤੋਂ ਆਪਣੇ ਪਸੰਦ ਦੀ ਸਮੱਗਰੀ ਲੱਭ ਕੇ ਪੜ੍ਹਨਾ ।
5. ਆਪਣੀ ਗੱਲ ਲਿਖ ਕੇ ਕਹਿਣੀ
6. ਕਲਪਨਾ ਨਾਲ ਛੋਟੀ ਕਹਾਣੀ, ਕਵਿਤਾ ਆਦਿ ਲਿਖਣ ਦੀ ਕੋਸ਼ਿਸ਼ ਕਰਨਾ ।

**ਵਾਤਾਵਰਨ ਸਬੰਧੀ ਜਾਗਰੂਕਤਾ:-**

1. ਆਲੇ-ਦੁਆਲੇ, ਕੁਦਰਤ (ਫੁੱਲ ਬੂਟੇ, ਮੌਸਮ, ਘਰੇਲੂ ਪਸ਼ੂ-ਪੰਛੀ ਆਦਿ) ਨੂੰ ਦੇਖ ਕੇ ਉਹਨਾਂ ਬਾਰੇ ਆਪਣੀ ਰਾਏ ਬਣਾਉਣਾ ।
2. ਘਰ ਦੀ ਅਤੇ ਸਕੂਲ ਦੀ ਭਾਸ਼ਾ ਵਿਚ ਸਬੰਧ ਬਣਾਉਣ ਦੀ ਕੋਸ਼ਿਸ਼ ਕਰਨਾ ।

**ਸਿੱਖਣ ਦੇ ਤਰੀਕੇ ਅਤੇ ਮਾਹੌਲ:-**

(ਸਾਰੇ ਬੱਚਿਆਂ ਦੇ ਸਮਾਵੇਸ਼ ਨੂੰ ਧਿਆਨ ਵਿਚ ਰੱਖ ਕੇ)

1. ਆਪਣੀ ਭਾਸ਼ਾ ਵਿਚ ਗੱਲਬਾਤ ਕਰਨ ਦੀ ਆਜ਼ਾਦੀ ਤੇ ਮੌਕੇ ਜਿਵੇਂ ਸਮੂਹ ਵਿਚ ਇਕ ਦੂਜੇ ਬਾਰੇ ਗੱਲ ਕਰਨਾ ਤੇ ਸੁਣਨਾ ।
2. ਆਪਣੀ ਗੱਲ ਕਹਿਣ ਲਈ (ਭਾਸ਼ਕ ਤੇ ਇਸ਼ਾਰਿਆਂ ਦੇ ਮਾਧਿਅਮ ਨਾਲ) ਉਤਸ਼ਾਹਿਤ ਕਰਨਾ ।
3. ਨਵੇਂ-ਨਵੇਂ ਸ਼ਬਦ ਬਣਾਉਣ ਤੇ ਉਹਨਾਂ ਨੂੰ ਵਰਤਣ ਦੇ ਮੌਕੇ ਪ੍ਰਦਾਨ ਕਰਨੇ ।
4. ਛੋਟੀਆਂ ਕਹਾਣੀਆਂ, ਕਵਿਤਾਵਾਂ ਅਤੇ ਬਾਲ ਸਾਹਿਤ ਪੱਧਰ ਅਨੁਸਾਰ ਸਮੱਗਰੀ, ਸਾਈਨ-ਬੋਰਡ, ਅਖ਼ਬਾਰਾਂ ਦੀਆਂ ਕਾਤਰਾਂ ਉਹਨਾਂ ਨੂੰ ਦੇ ਕੇ ਉਹਨਾਂ ਤੇ ਚਰਚਾ ਕਰਨ ਦੇ ਮੌਕੇ ਪ੍ਰਦਾਨ ਕਰਨਾ ।
5. ਕਿਰਿਆਸ਼ੀਲ, ਹੋ ਕੇ ਕੰਮ ਕਰਨ ਲਈ ਪੱਧਰ ਅਨੁਸਾਰ ਦੇਖਣ ਸੁਣਨ ਸਮੱਗਰੀ ਉਪਲਬਧ ਹੋਵੇ ।
6. ਸੁਣਾਈਆ ਗਈਆਂ ਕਵਿਤਾਵਾਂ, ਕਹਾਣੀਆਂ ਆਦਿ ਬਾਰੇ ਪ੍ਰਸ਼ਨ ਪੁੱਛਣ ਦੇ ਮੌਕੇ ਹੋਣ ।
7. ਵੱਖ-ਵੱਖ ਪ੍ਰਕਾਰ ਦੀ ਸਮੱਗਰੀ (ਰੀਡਿੰਗ ਸੈੱਲ, ਪੋਸਟਰ, ਇਸ਼ਤਿਹਾਰ ਆਦਿ ਪੜ੍ਹਨ ਦੇ ਮੌਕੇ ਦੇਣਾ ।
8. ਘਰ ਪਰਿਵਾਰ, ਸਕੂਲ ਪਿੰਡ, ਗਲੀ, ਖੇਡ ਦਾ ਮੈਦਾਨ, ਪਿੰਡ ਦੀ ਸੱਥ ਆਦਿ ਵਿਸ਼ਿਆਂ ਬਾਰੇ ਅਨੁਭਵਾਂ ਨੂੰ ਲਿਖ ਕੇ ਇਕ ਦੂਜੇ ਨਾਲ ਵਿਚਾਰਨ ਦੇ ਮੌਕੇ ਦੇਣੇ ।
9. ਆਪਣੀ ਗੱਲ ਨੂੰ ਆਪਣੇ ਅੰਦਾਜ਼ ਵਿਚ ਲਿਖ ਕੇ ਪ੍ਰਗਟ ਕਰਨ ਦੀ ਖੁੱਲ੍ਹ ਹੋਵੇ ।

10. ਇਕ ਦੂਜੇ ਦੀਆਂ ਲਿਖੀਆਂ ਹੋਈਆਂ ਰਚਨਾਵਾਂ ਨੂੰ ਪੜਨਾ, ਉਹਨਾਂ ਬਾਰੇ ਗੱਲ ਕਰਨੀ, ਉਹਨਾਂ ਵਿਚ ਆਪਣੀ ਗੱਲ ਜੋੜਨੀ, ਅਲੱਗ-ਅਲੱਗ ਢੰਗ ਨਾਲ ਵਾਰ-ਵਾਰ ਲਿਖਣ ਦੇ ਮੌਕੇ ਪ੍ਰਦਾਨ ਕਰਨਾ ।

11. ਸਿਰਜਨਾਤਮਕ ਢੰਗ ਨਾਲ ਗੱਲ ਕਰਨ ਦੀ ਖੁੱਲ੍ਹ ਹੋਵੇ ।

12. ਆਲੇ-ਦੁਆਲੇ ਹੋਣ ਵਾਲੀਆਂ ਗਤੀਵਿਧੀਆਂ ਜਿਵੇਂ ਮੇਰੇ ਘਰ ਦੀ ਛੱਤ ਤੋਂ ਸੂਰਜ ਕਿਉਂ ਨਹੀਂ ਦਿਸਦਾ? ਦਰੱਖਤ ਤੇ ਬੈਠੀ ਚਿੜੀ ਕਿੱਥੇ ਚਲੀ ਗਈ? ਆਦਿ ਨੂੰ ਲੈ ਕੇ ਪ੍ਰਸ਼ਨ ਕਰਨ ਦੇ ਮੌਕੇ ਦੇਣੇ ।

13. ਪਾਠ ਪੁਸਤਕ ਵਿਚ ਪੇਸ਼ ਸਮੱਗਰੀ ਵਿਚ ਆਏ ਕੁਦਰਤੀ, ਸਮਾਜਕ ਤੇ ਸੰਵੇਦਨਸ਼ੀਲ ਮੁੱਦਿਆਂ ਨੂੰ ਸਮਝਣਾ ਤੇ ਉਹਨਾਂ ਤੇ ਚਰਚਾ ਕਰਨੀ ।

**ਸਿੱਖਣ ਦੇ ਸੰਕੇਤਕ** (ਸਾਰਿਆਂ ਬੱਚਿਆਂ ਦੀ ਭਾਗੀਕਾਰਤਾ ਨੂੰ ਧਿਆਨ ਵਿਚ ਰੱਖ ਕੇ ਪ੍ਰਤੀਕਿਰਿਆਵਾਂ, ਭਾਸ਼ਕ ਤੇ ਸੰਕੇਤਕ ਦੋਵੇਂ ਹੋ ਸਕਦੀਆਂ ਹਨ )

| ਸ਼੍ਰੇਣੀ-1 | ਸ਼੍ਰੇਣੀ-2 | ਸ਼੍ਰੇਣੀ-3 |
|---|---|---|
| ਸੁਣਨਾ ਅਤੇ ਬੋਲਣਾ | ਸੁਣਨਾ ਅਤੇ ਬੋਲਣਾ | ਸੁਣਨਾ ਅਤੇ ਬੋਲਣਾ |
| 1. ਆਲੇ-ਦੁਆਲੇ ਦੀਆਂ ਅਵਾਜ਼ਾਂ (ਲੋਕਾਂ, ਬੱਸ, ਰੇਲਗੱਡੀ, ਪਸ਼ੂ-ਪੰਛੀ ਆਦਿ ਨੂੰ ਪਛਾਣਦਾ ਹੈ । | ਦੂਜਿਆਂ ਦੀਆਂ ਗੱਲਾਂ ਸੁਣ ਕੇ ਆਪਣੀ ਪ੍ਰਤੀਕਿਰਿਆ ਪ੍ਰਗਟ ਕਰਦਾ ਹੈ । ਜਿਵੇਂ ਰੋਜ਼ਾਨਾ ਘਰ ਦੀ ਜ਼ਿੰਦਗੀ ਖਾਣ-ਪੀਣ, ਖੇਲ-ਕੁੱਦ, ਸਕੂਲ ਤੇ ਸਾਥੀਆਂ ਦੀਆਂ ਗੱਲਾਂ । ਜਿਵੇਂ ਮੇਰੀ ਮੰਮੀ ਮੇਰੇ ਲਈ ਨਵਾ ਟਿਫਿਨ ਬਾਕਸ ਲਿਆਈ ਸੀ, ਮੇਰੇ ਘਰ ਕਬੂਤਰ ਨੇ ਬੱਚੇ ਦਿੱਤੇ ਹਨ । | ਸੁਣੀਆਂ ਅਤੇ ਪੜ੍ਹੀਆ ਰਚਨਾਵਾਂ ਦੇ ਵਿਸ਼ਾ ਵਸਤੂ, ਘਟਨਾਵਾਂ, ਪਾਤਰਾਂ, ਸਿਰਲੇਖ, ਆਦਿ ਤੇ ਬਾਰੇ ਵਿਚ ਗੱਲਬਾਤ ਕਰਦਾ ਹੈ । ਪ੍ਰਸ਼ਨ ਪੁੱਛਦਾ ਹੈ । ਜਿਵੇਂ ਇਸ ਚਿੱਤਰ ਵਿਚ ਮੱਛੀ ਉੱਡ ਕਿਉਂ ਰਹੀ ਹੈ ।<br>ਸੁਣੀ ਗਈ ਦੇਖਣ ਸੁਣਨ ਸਮੱਗਰੀ ਬਾਰੇ ਗੱਲਬਾਤ ਕਰਦਾ ਹੈ ਜਿਵੇਂ ਬੁੱਢੀ ਮਾਂ ਨੇ ਝਾੜੂ ਮਾਰਿਆ ਤੇ ਚੰਦ ਅਸਮਾਨ 'ਚ ਭੱਜ ਗਿਆ । |
| 2. ਕਹੀ ਗਈ ਗੱਲ ਨੂੰ ਧਿਆਨ ਨਾਲ ਸੁਣਨ ਦੀ ਕੋਸ਼ਿਸ਼ ਕਰਦੇ ਹਨ । ਪਰਿਵਾਰ ਦੀ ਗੱਲ ਕਹਿੰਦਾ ਹੈ । | ਆਪਣੀ ਭਾਸ਼ਾ ਵਿਚ ਆਪਣੇ ਪਰਿਵਾਰ ਤੇ ਮਾਹੌਲ ਦੀ ਗੱਲ ਕਰਦਾ ਹੈ । | ਆਪਣੇ ਮਨ ਨਾਲ ਕਵਿਤਾ ਕਹਾਣੀ ਬਣਾਉਣ ਦਾ ਯਤਨ ਕਰਦਾ ਹੈ । |
| 3. ਆਪਣੇ ਘਰ, ਪਰਿਵੇਸ਼, ਨਾਲ ਚੀਜ਼ਾਂ ਨੂੰ ਜੋੜ ਕੇ ਚਿੱਤਰਾਂ ਅਤੇ ਰਚਨਾਵਾਂ ਦਾ ਅਨੁਮਾਨ ਲਾਉਂਦਾ ਹੈ । ਜਿਵੇਂ, ਇਹ ਤਾਂ ਮੇਰੇ ਘਰ ਦੇ ਸਾਹਮਣੇ ਵਾਲੇ | ਚਿੱਤਰਾਂ ਅਤੇ ਰਚਨਾਵਾਂ ਦਾ ਅਨੁਮਾਨ ਲਾਉਂਦੇ ਹੋਏ ਆਪਣੀ ਪ੍ਰਤੀਕਿਰਿਆ ਪ੍ਰਗਟ ਕਰਦਾ ਹੈ । ਜਿਵੇਂ ਆਲ੍ਹਣੇ ਵਿਚ ਚਿੜੀ ਜ਼ਰੂਰ ਖਾਣਾ ਖਾਣ ਗਈ | ਕਹਾਣੀ ਕਵਿਤਾ ਤੇ ਹੋਰ ਸਮੱਗਰੀ ਨੂੰ ਆਪਣੀ ਤਰ੍ਹਾਂ ਨਾਲ ਆਪਣੀ ਭਾਸ਼ਾ ਵਿਚ ਕਹਿੰਦਾ ਹੋਇਆ ਉਸ ਵਿਚ ਆਪਣੀਆਂ ਗੱਲਾਂ ਜੋੜਦਾ ਹੈ। |

| | | |
|---|---|---|
| ਨਿੰਮ ਦੇ ਦਰਖ਼ਤ ਵਰਗਾ ਹੈ । | ਹੋਵੇਗੀ । | |
| 4. ਆਪਣੇ ਆਲੇ-ਦੁਆਲੇ ਨਜ਼ਰ ਆਉਂਦੀ ਪ੍ਰਿੰਟ ਸਮੱਗਰੀ ਤੇ ਧਿਆਨ ਦੇ ਕੇ ਉਸ ਤੇ ਸੁਆਲ ਕਰਦਾ ਹੈ । ਜਿਵੇਂ, ਪੈਂਸਿਲ ਦੇ ਦੋਨਾਂ ਕਿਨਾਰਿਆਂ ਤੇ ਬੱਚੇ ਕਿਉਂ ਬੈਠ ਗਏ । | ਆਪਣੇ ਆਲੇ-ਦੁਆਲੇ ਨਜ਼ਰ ਆਉਂਦੀ ਪ੍ਰਿੰਟ ਸਮੱਗਰੀ ਵੱਲ ਧਿਆਨ ਦੇ ਕੇ ਉਸ ਤੇ ਪ੍ਰਸ਼ਨ ਕਰਦਾ ਹੈ, ਇਸ ਪੱਤੇ ਦਾ ਰੰਗ ਲਾਲ ਕਿਉਂ ਹੈ । | (ਪੜ੍ਹਨਾ ਅਤੇ ਲਿਖਣਾ)<br>* ਪਸੰਦੀਦਾ ਰਚਨਾਵਾਂ ਨੂੰ ਧਿਆਨ ਨਾਲ ਪੜ੍ਹਦਾ ਹੈ ।<br>* ਚਿੱਤਰਾ ਅਤੇ ਸੰਦਰਭਾਂ ਦੇ ਅਧਾਰ ਤੇ ਅਰਥਾਂ ਦਾ ਅੰਦਾਜ਼ਾ ਲਾਉਂਦਾ ਹੈ । |
| 5. ਸੁਣੀਆਂ ਹੋਈਆ ਰਚਨਾਵਾ ਦੇ ਵਿਸ਼ੇ ਵਸਤੂ, ਘਟਨਾਵਾਂ ਅਤੇ ਪਾਤਰਾ ਬਾਰੇ ਗੱਲਬਾਤ ਕਰਨ ਵਿਚ ਰੁਚੀ ਲੈਂਦਾ ਹੈ । | ਸੁਣੀਆਂ ਅਤੇ ਪੜ੍ਹੀਆ ਰਚਨਾਵਾ ਦੇ ਵਿਸ਼ਾ ਵਸਤੂ ਘਟਨਾਵਾਂ ਚਿੱਤਰਾਂ ਤੇ ਪਾਤਰਾਂ ਆਦਿ ਬਾਰੇ ਗੱਲਬਾਤ ਕਰਦਾ ਹੈ । ਜਿਵੇਂ, ਭਾਲੂ ਨੇ ਖੇਲੀ (ਫੁੱਟਬਾਲ ਵਿਚ ਜਦੋਂ ਭਾਲੂ ਨੇ ਕਿੱਕ ਮਾਰੀ ਤਾਂ ਮਜ਼ਾ ਆਇਆ ।) | ਦੇਖੀਆਂ, ਪੜ੍ਹੀਆਂ, ਸੁਣੀਆਂ ਰਚਨਾਵਾਂ ਬਾਰੇ ਆਪਣੀ ਰਾਏ ਦਿੰਦਾ ਹੈ, ਜਿਵੇਂ ਮੈਨੂੰ ਇਹ ਕਹਾਣੀ ਚੰਗੀ ਨਹੀਂ ਲੱਗੀ । |
| ਆਲੇ-ਦੁਆਲੇ ਮੌਜ਼ੂਦ ਪਰਸਥਿਤੀਆਂ ਬਾਰੇ ਗੱਲਬਾਤ ਕਰਦਾ ਹੈ । ਸੂਰਜ ਕਿੱਥੇ ਚਲਿਆ ਜਾਂਦਾ ਹੈ । | ਆਪਣੇ ਮਨ ਵਿਚ ਕਵਿਤਾ, ਕਹਾਣੀ ਬਣਾਉਣ ਦਾ ਯਤਨ ਕਰਦਾ ਹੈ । ਜਿਵੇਂ, ਅੱਜ ਪਰੀ ਦੇ ਪਾਪਾ ਆਏ ਤੇ ਗੁਬਾਰੇ ਲੈ ਕੇ ਆਏ। | ਰੀਡਿੰਗ ਸੈੱਲ ਤੋਂ ਮਨਭਾਉਂਦੀਆਂ ਕਿਤਾਬਾਂ ਪੜ੍ਹਦਾ ਹੈ । ਆਪਣੇ ਵਿਸ਼ੇਸ਼ ਅਨੁਭਵਾਂ ਨੂੰ ਲਿਖਦਾ ਹੈ । ਘਰ ਤੋਂ ਸਕੂਲ ਦੇ ਰਸਤੇ ਵਿਚ ਕੀ-ਕੀ ਦੇਖਿਆ? |
| ਪੜ੍ਹਨਾ ਤੇ ਲਿਖਣਾ | | |
| ਪੜ੍ਹਨ ਦੀ ਇੱਛਾ ਰੱਖਦੇ ਹਨ । ਚਿੱਤਰਾਂ ਦੇ ਅਧਾਰ ਤੇ ਅਰਥ ਦਾ ਅੰਦਾਜ਼ਾ ਲਾਉਣ ਦੀ ਕੋਸ਼ਿਸ਼ ਕਰਦੇ ਹਨ । | ਰਚਨਾਵਾਂ ਨੂੰ ਅਨੰਦ ਲੈ ਕੇ ਪੜ੍ਹਦੇ ਹਨ ਚਿੱਤਰਾਂ ਦੇ ਸੰਦਰਭ ਦੇ ਅਧਾਰ ਤੇ ਅਰਥ ਦਾ ਅੰਦਾਜ਼ਾ ਲਾਉਂਦੇ ਹਨ । ਜਿਵੇਂ, ਹੁਣ ਉਹ ਲੜਕੀ ਜ਼ਰੂਰ ਫਿਰ ਤੋਂ ਸਕੂਲ ਜਾਣਾ ਸ਼ੁਰੂ ਕਰੇਗੀ । | ਆਲੇ-ਦੁਆਲੇ ਮੌਜ਼ੂਦ ਪਰਸਥਿਤੀਆਂ ਬਾਰੇ ਪ੍ਰਸ਼ਨ ਕਰਦਾ ਹੈ? ਮੇਰੇ ਘਰ ਕੋਲ ਕੂੜਾ ਕਿਉਂ ਹੈ, ਕਲਪਨਾ ਨਾਲ ਕਵਿਤਾ ਅਤੇ ਕਹਾਣੀ ਨੂੰ ਪੂਰਾ ਕਰਦੇ ਹਨ । ਜਿਵੇਂ ਮਨ ਕਰਦਾ ਹੈ ਕਿ ਮੈਂ ਕੋਇਲ ਬਣ ਕੇ ਕੂ-ਕੂ ਕਰਾਂ । |
| ਰੀਡਿੰਗ ਕਾਰਨਰ ਤੋਂ ਆਪਣੀ ਪਸੰਦ ਦੀਆਂ ਕਿਤਾਬਾਂ ਆਪ ਚੁੱਕਦੇ ਹਨ । ਜਿਵੇਂ, ਮੇਰੀ ਬਾਲ ਪੀਲੂ ਵਾਲੀ ਕਿਤਾਬ ਕਿੱਥੇ ਹੈ । ਮੈਂ ਤਾਂ ਉਹੀ ਪੜ੍ਹੂੰਗਾ ।<br>ਕਵਿਤਾ ਜਾਂ ਕਹਾਣੀ ਪੜ੍ਹ ਕੇ | ਦੇਖੀਆਂ ਪੜ੍ਹੀਆ ਰਚਨਾਵਾਂ ਤੇ ਗੱਲਬਾਤ ਕਰਦੇ ਹਨ । ਜਿਵੇਂ,<br>ਊਠ ਚੱਲਿਆ ਭਾਈ,<br>ਊਠ ਚੱਲਿਆ ਭਾਈ,<br>ਕਵਿਤਾ ਬਹੁਤ ਚੰਗੀ ਹੈ ।<br>ਕਿਤਾਬਾਂ ਚੁਣ ਕੇ ਪੜ੍ਹਦੇ ਹਨ ।<br>ਕਵਿਤਾ ਕਹਾਣੀ ਨੂੰ ਅੱਗੇ | ਆਪਣੀ ਗੱਲ, ਕਵਿਤਾ ਕਹਾਣੀ ਨੂੰ ਸਿਰਜਨਾਤਮਕ ਢੰਗ ਨਾਲ ਲਿਖਦੇ ਹਨ । |

| | | |
|---|---|---|
| ਬੋਧਿਕ ਪ੍ਰਸ਼ਨਾਂ ਦੇ ਉੱਤਰ ਦਿੰਦੇ ਹਨ । | ਵਧਾਉਣ ਦੀ ਕੋਸ਼ਿਸ਼ ਕਰਦੇ ਹਨ । ਸਿਰਜਨਾਤਮਕ ਢੰਗ ਨਾਲ ਗੱਲਬਾਤ ਕਰਦੇ ਹਨ । | |
| | | ਵਾਤਾਵਰਨ ਚੇਤੰਨਤਾ |
| | | ਆਪਣੇ ਆਲੇ-ਦੁਆਲੇ ਹੋਣ ਵਾਲੀਆਂ ਘਟਨਾਵਾ ਪ੍ਰਤੀ ਜਿਗਿਆਸਾ ਪ੍ਰਗਟ ਕਰਦਾ ਹੈ । ਘਰ ਦੀ ਬੋਲੀ ਵਿਚ ਆਪਣੀ ਗੱਲ ਕਹਿੰਦੇ ਹਨ । ਪ੍ਰਾਕਿਰਤਕ ਸਮਾਜਕ ਤੇ ਸੰਵੇਦਨਸ਼ੀਲ ਮੁੱਦਿਆਂ ਬਾਰੇ ਗੱਲਾਂ ਕਰਦੇ ਹਨ । ਜਿਵੇਂ, ਮੀਂਹ ਨਾਲ ਮੇਰੇ ਘਰ ਪਾਣੀ ਭਰ ਗਿਆ । |

ਮਾਤ ਭਾਸ਼ਾ:- (ਚੌਥੀ ਅਤੇ ਪੰਜਵੀਂ)

ਪਾਠਕ੍ਰਮ ਦੇ ਉਦੇਸ਼

**ਸੁਣਨਾ ਅਤੇ ਬੋਲਣਾ:-**

- ਦੂਜਿਆਂ ਦੀਆਂ ਗੱਲਾਂ ਨੂੰ ਧਿਆਨ ਅਤੇ ਧੀਰਜ ਨਾਲ ਸੁਣਨਾ ।
- ਆਪਣੀ ਗੱਲਬਾਤ ਆਤਮ ਵਿਸ਼ਵਾਸ਼ ਨਾਲ ਕਹਿਣਾ ।
- ਦੂਜਿਆਂ ਦੀ ਗੱਲ ਸਮਝ ਕੇ ਆਪਣੇ ਸ਼ਬਦਾਂ ਵਿਚ ਕਹਿਣੀ ।
- ਕਹਾਣੀ ਕਵਿਤਾ ਆਦਿ ਸਹਜ ਰਚਨਾਵਾਂ ਨੂੰ ਧਿਆਨ ਤੇ ਧੀਰਜ ਨਾਲ ਸੁਣਨਾ ਤੇ ਸੁਣਾਉਣਾ ।
- ਸੁਤੰਤਰ ਅਤੇ ਸਿਰਜਨਾਤਮਕ ਰੂਪ ਨਾਲ ਪ੍ਰਗਟਾਓ ਕਰਨਾ ।

**ਪੜ੍ਹਨਾ ਅਤੇ ਲਿਖਣਾ:-**

- ਲਿਖਤਾਂ ਨੂੰ ਪੜ੍ਹ ਕੇ ਸਮਝਣਾ ।
- ਦੂਜਿਆਂ ਦੀ ਗੱਲ ਪੜ੍ਹ ਕੇ ਆਪਣੇ ਸ਼ਬਦਾਂ ਵਿਚ ਕਹਿਣੀ ।
- ਲਾਇਬਰੇਰੀ ਆਦਿ ਵਿਭਿੰਨ ਸ੍ਰੋਤਾ ਤੋਂ ਆਪਣੀ ਪਸੰਦ ਦੀਆਂ ਕਿਤਾਬਾਂ ਪੜ੍ਹਨਾ ।
- ਨਵੇਂ ਸ਼ਬਦਾਂ ਨੂੰ ਸ਼ਬਦਕੋਸ਼ ਵਿਚ ਦੇਖਣਾ ।
- ਪੜ੍ਹੀਆਂ ਸੁਣੀਆਂ ਦੇਖੀਆਂ ਰਚਨਾਵਾਂ/ਘਟਨਾਵਾਂ ਉੱਤੇ ਮੌਖਿਕ ਤੇ ਲਿਖਤੀ ਰੂਪ ਵਿਚ ਆਪਣੇ ਵਿਚਾਰ ਪ੍ਰਗਟ ਕਰਨੇ ।
- ਕਲਪਨਾ ਨਾਲ ਕਹਾਣੀ, ਕਵਿਤਾ ਆਦਿ ਲਿਖਣਾ ।

**ਵਾਤਾਵਰਨ ਚੇਤੰਨਤਾ:-**

ਕੁਦਰਤੀ ਅਤੇ ਹੋਰ ਘਟਨਾਵਾਂ ਦਾ ਵਿਸ਼ਲੇਸ਼ਣ ਕਰਕੇ ਸਿੱਟੇ ਕੱਢਣਾ ਆਪਣੇ ਭਾਸ਼ਾਈ ਪਰਿਵੇਸ਼ ਪ੍ਰਤੀ ਚੇਤੰਨਤਾ ਤੇ ਸੰਵੇਦਨਸ਼ੀਲਤਾ ਰੱਖਣਾ ।

ਸਿੱਖਣ ਦੇ ਤਰੀਕੇ ਅਤੇ ਮਾਹੌਲ ਸਾਰੇ ਬੱਚਿਆਂ ਨੂੰ ਧਿਆਨ ਵਿਚ ਰੱਖ ਕੇ:

1. ਆਪਣੀ ਗੱਲ ਕਹਿਣ ਲਈ ਉਤਸ਼ਾਹਿਤ ਕਰਨਾ ।
2. ਆਪਣੀ ਬੋਲੀ ਵਿਚ ਗੱਲ ਕਰਨ ਦੀ ਆਜ਼ਾਦੀ ।
3. ਪ੍ਰਯੋਗ ਕੀਤੀ ਜਾਣ ਵਾਲੀ ਭਾਸ਼ਾ ਉਪਰ ਧਿਆਨ ਦੇ ਕੇ, ਭਾਸ਼ਾਈ ਸਮਰੱਥਾ ਪ੍ਰਾਪਤ ਕਰਨਾ ।
4. ਅਲੱਗ-ਅਲੱਗ ਤਰ੍ਹਾਂ ਦੀਆਂ ਕਹਾਣੀਆਂ ਕਵਿਤਾਵਾਂ ਅਤੇ ਹੋਰ ਰਚਨਾਵਾਂ ਦੀਆਂ ਕਿਤਾਬਾਂ ਬਾਲ ਸਾਹਿਤ, ਪੱਧਰ ਅਨੁਸਾਰ ਸਾਈਨ ਬੋਰਡ ਤੇ ਹੋਰਡਿੰਗ ਪੜ੍ਹਨੇ, ਅਖ਼ਬਾਰਾਂ ਦੀਆਂ ਖ਼ਬਰਾਂ ਦੀਆਂ ਕਾਤਰਾਂ ਉਹਨਾਂ ਨੂੰ ਉਪਲਬਧ ਹੋਣ ਤੇ ਉਹਨਾਂ ਉਪਰ ਰਚਨਾ ਕਰਨ ਦੇ ਮੌਕੇ ਹੋਣ ।
5. ਕਿਰਿਆਸ਼ੀਲ ਹੋ ਕੇ ਕੰਮ ਕਰਨ ਲਈ ਪੱਧਰ ਅਨੁਸਾਰ ਦੇਖਣ ਸੁਣਨ ਸਮੱਗਰੀ ਦਾ ਪ੍ਰਯੋਗ ਕਰਨ ਦੇ ਮੌਕੇ ਪ੍ਰਾਪਤ ਹੋਣ ।
6. ਪੜ੍ਹੀ ਹੋਈ ਸਮੱਗਰੀ ਬਾਰੇ ਪ੍ਰਸ਼ਨ ਪੁੱਛਣ ਦੇ ਮੌਕੇ ਦੇਣੇ ।
7. ਸੁਣੀਆਂ ਅਤੇ ਦੇਖੀਆਂ ਗੱਲਾਂ ਨੂੰ ਸਿਰਜਨਾਤਮਕ ਢੰਗ ਨਾਲ ਪ੍ਰਗਟਾਓ ਦੇ ਮੌਕੇ ਹੋਣ ।
8. ਵਿਭਿੰਨ ਪ੍ਰਕਾਰ ਦੀ ਸਮੱਗਰੀ ਪੜ੍ਹਨ ਦੇ ਮੌਕੇ ਵਿਅਕਤੀਗਤ ਰੂਪ ਅਤੇ ਸਮੂਹਕ ਰੂਪ ਵਿਚ ਮਿਲਣ ।
9. ਪੱਧਰ ਅਨੁਸਾਰ ਬਾਲ ਸਾਹਿਤ, ਬਾਲ ਪੱਤਰਕਾਵਾਂ, ਅਖ਼ਬਾਰ, ਦੇਖਣ ਸੁਣਨ ਸਮੱਗਰੀ ਉਪਲਬਧ ਹੋਵੇ । ਸਮੱਗਰੀ ਬ੍ਰੇਲ ਲਿੱਪੀ ਵਿਚ ਵੀ ਉਪਲਬਧ ਹੋਵੇ , ਕੰਮਜ਼ੋਰ ਨਜ਼ਰ ਵਾਲੇ ਬੱਚਿਆਂ ਲਈ ਕੁਝ ਸਮੱਗਰੀ ਵੱਡੇ ਅਕਾਰ ਵਿਚ ਛਪੀ ਹੋਵੇ।
10. ਆਪਣੇ ਵਿਚਾਰਾਂ ਨੂੰ ਆਪਣੇ ਅੰਦਾਜ਼ ਵਿਚ ਪ੍ਰਗਟ ਕਰਨ ਦੀ ਖੁੱਲ੍ਹ ਹੋਵੇ ।
11. ਇਕ ਦੂਜੇ ਦੀਆਂ ਲਿਖੀਆਂ ਰਚਨਾਵਾਂ ਨੂੰ ਸੁਣਨ ਪੜ੍ਹਨ ਅਤੇ ਉਸ ਉੱਪਰ ਆਪਣੀ ਰਾਏ ਦੇਣ, ਉਸ ਵਿਚ ਆਪਣੀ ਗੱਲ ਜੋੜਨ ਅਤੇ ਅਲੱਗ-ਅਲੱਗ ਢੰਗ ਨਾਲ ਵਾਰ-ਵਾਰ ਲਿਖਣ ਦੇ ਮੌਕੇ ਪ੍ਰਦਾਨ ਕੀਤੇ ਜਾਣ ।
12. ਆਲੇ-ਦੁਆਲੇ ਵਾਪਰਨ ਵਾਲੀਆਂ ਘਟਨਾਵਾਂ ਤੇ ਚਰਚਾ ਕਰਨ ਦੇ ਮੌਕੇ ਪ੍ਰਦਾਨ ਕੀਤੇ ਜਾਣ ।
13. ਪਾਠ ਪੁਸਤਕ ਵਿਚਲੇ ਕੁਦਰਤੀ, ਸਮਾਜਕ ਅਤੇ ਸੰਵੇਦਨਸ਼ੀਲ ਮੁੱਦਿਆਂ ਨੂੰ ਸਮਝਣ ਤੇ ਉਹਨਾ ਉਪਰ ਚਰਚਾ ਕਰਨ ਦੇ ਮੌਕੇ ਦਿੱਤੇ ਜਾਣ ।
14. ਆਪਣੇ ਮੁਹੱਲੇ ਅਤੇ ਸਕੂਲ ਵਿਚ ਬੱਚਿਆ ਦੁਆਰਾ ਬੋਲੀਆਂ ਜਾਂਦੀਆਂ ਹੋਰ ਵੱਖ-ਵੱਖ ਭਾਸ਼ਾਵਾਂ, ਖਾਣ-ਪੀਣ ਵੱਲ ਧਿਆਨ ਦੇਣ ਸਬੰਧੀ ਵੱਖ-ਵੱਖ ਗਤੀਵਿਧੀਆਂ । ਖਾਣ-ਪੀਣ ਨਾਲ ਜੁੜੀ ਸ਼ਬਦਾਵਲੀ ਇਕੱਠੀ ਕਰਨਾ ਅਤੇ ਉਸਨੂੰ ਪ੍ਰਯੋਗ ਕਰਨ ਦੇ ਮੌਕੇ ਦੇਣੇ ।

**ਸਿੱਖਣ ਦੇ ਸੰਕੇਤਕ**

ਸਾਰੇ ਬੱਚਿਆਂ ਦੇ ਸਮਾਵੇਸ਼ ਨੂੰ ਧਿਆਨ ਵਿਚ ਰੱਖ ਕੇ, ਪ੍ਰਤੀਕਿਰਿਆਵਾਂ, ਭਾਸ਼ਕ ਅਤੇ ਸੰਕੇਤਕ ਦੋਨਾਂ ਤਰ੍ਹਾਂ ਦੀਆਂ ਹੋ ਸਕਦੀਆਂ ਹਨ ।

| ਚੌਥੀ ਜਮਾਤ | ਪੰਜਵੀਂ ਜਮਾਤ |
|---|---|
| ਸੁਣਨਾ ਅਤੇ ਬੋਲਣਾ | ਸੁਣਨਾ ਅਤੇ ਬੋਲਣਾ |
| 1. ਬੱਚੇ ਦੂਜਿਆਂ ਦੁਆਰਾ ਕਹੀਆਂ ਜਾਂਦੀਆਂ ਗੱਲਾਂ ਨੂੰ ਧਿਆਨ ਨਾਲ ਸੁਣਦੇ ਹਨ । ਸਿਰ ਹਿਲਾ ਕੇ ਸਮਝ ਪ੍ਰਗਟ ਕਰਦੇ ਹਨ । | 1. ਦੂਜੇ ਦੀ ਕਹੀ ਗੱਲ ਨੂੰ ਧੀਰਜ ਅਤੇ ਧਿਆਨ ਨਾਲ ਸੁਣਦੇ ਹਨ ਅਤੇ ਪ੍ਰਸ਼ਨ ਪੁੱਛ ਕੇ ਸਮਝਣ ਦੀ ਕੋਸ਼ਿਸ਼ ਕਰਦੇ ਹਨ । |
| 2. ਦੂਜੇ ਦੀ ਕਹੀ ਗੱਲ ਸੁਣ ਕੇ ਆਪਣੀ ਪ੍ਰਤੀਕਿਰਿਆ ਪ੍ਰਗਟ ਕਰਦੇ ਹਨ । ਜਿਵੇਂ, ਕੱਲ੍ਹ ਤਾਂ ਛੁੱਟੀ ਹੈ, ਦਾਦੀ ਨਾਲ ਮੈਂ ਘੁੰਮਣ ਜਾਵਾਂਗਾ । | 2. ਦੂਜੇ ਦੀ ਕਹੀ ਗੱਲ ਸੁਣ ਕੇ ਆਪਣੇ ਵਿਚਾਰ ਅਤੇ ਪ੍ਰਤੀਕਿਰਿਆ ਪ੍ਰਗਟ ਕਰਦਾ ਹੈ । |

| | |
|---|---|
| 3. ਆਪਣੀ ਅਤੇ ਆਪਣੇ ਪਰਿਵਾਰ ਦੀ ਗੱਲ ਕਰਨ ਵਿਚ ਦਿਲਚਸਪੀ ਅਤੇ ਆਤਮ ਵਿਸ਼ਵਾਸ਼ ਦਿਖਾਉਂਦਾ ਹੈ । ਜਿਵੇਂ, ਮੇਰੇ ਭਾਈ ਕੋਲ ਨਵੇਂ ਰੰਗ ਹਨ, ਪਰ ਉਹ ਮੈਨੂੰ ਨਹੀਂ ਦਿੰਦਾ । | 3. ਆਪਣੀ ਅਤੇ ਆਪਣੇ ਪਰਿਵਾਰ ਦੀ ਗੱਲ ਕਰਨ ਵਿਚ ਦਿਲਚਸਪੀ ਅਤੇ ਆਤਮ ਵਿਸ਼ਵਾਸ਼ ਦਿਖਾਉਂਦਾ ਹੈ । ਸਾਡੇ ਪਿੰਡ ਵਿਚ ਤਾਂ ਨਹਿਰ ਹੈ ਇੱਥੇ ਤਾਂ ਪਾਣੀ ਵੀ ਬੋਤਲਾਂ ਵਿਚ ਵਿਕਦਾ ਹੈ । |
| 4. ਭਾਸ਼ਾ ਦੀਆਂ ਬਰੀਕੀਆਂ ਤੇ ਧਿਆਨ ਦਿੰਦੇ ਹੋਏ ਆਪਣੀ ਸ਼ਬਦਾਵਲੀ ਵਿਚ ਵਾਧਾ ਕਰਦੇ ਹਨ । | 4. ਵੱਖ-ਵੱਖ ਤਰ੍ਹਾਂ ਦੇ ਭਾਸ਼ਾਈ ਖੇਲ੍ਹ ਖੇਡਦੇ ਹਨ ਜਿਵੇਂ, ਆਪਣੇ ਦੋਸਤਾਂ ਨੂੰ ਕਹਿੰਦੇ ਹਨ ਕਿ ਛੇਤੀ-ਛੇਤੀ ਬੋਲ-ਰਾਜ ਗੋਪ ਗਪੰਗਮ ਦਾਸ । |
| 5. ਆਪਣੇ ਆਲੇ-ਦੁਆਲੇ ਨਜ਼ਰ ਆਉਂਦੀ ਪ੍ਰਿੰਟ ਸਮੱਗਰੀ ਤੇ ਧਿਆਨ ਦਿੰਦੇ ਹੋਏ ਉਸ ਉਪਰ ਗੱਲਬਾਤ ਕਰਨ ਦੀ ਕੋਸ਼ਿਸ਼ ਕਰਦੇ ਹਨ । ਜਿਵੇਂ, ਪੋਲੀਓ ਦੀ ਦਵਾਈ ਪਿਲਾਉਣ ਵਾਲੇ ਕੱਲ੍ਹ ਸਾਡੀ ਗਲੀ ਵਿਚ ਵੀ ਆਏ ਸਨ ਤੇ ਮੇਰੀ ਭੈਣ ਨੇ ਵੀ ਦਵਾਈ ਪੀਤੀ ਸੀ । | 5. ਆਪਣੇ ਆਲੇ-ਦੁਆਲੇ ਨਜ਼ਰ ਆਉਂਦੀ ਪ੍ਰਿੰਟ ਸਮੱਗਰੀ ਤੇ ਧਿਆਨ ਦਿੰਦੇ ਹੋਏ ਉਸ ਉਪਰ ਗੱਲਬਾਤ ਕਰਨ ਦੀ ਕੋਸ਼ਿਸ਼ ਕਰਦੇ ਹਨ, ਜਿਵੇਂ, ਭੈਣ ਨੂੰ ਪੋਲੀਓ ਦੀ ਦਵਾਈ ਪੀਂਦੇ ਦੇਖ ਕੇ ਡਾਕਟਰ ਤੋਂ ਆਪਣੇ ਜਮਾਤ ਦੇ ਬੱਚੇ (ਜੋ ਪੋਲੀਓ ਕਰਕੇ ਇਕ ਪੈਰ ਤੋਂ ਚੱਲ ਨਹੀਂ ਸਕਦਾ) ਕੋਈ ਦਵਾਈ ਮੰਗਦਾ ਹੈ । |
| 6. ਸੁਣੀਆਂ ਅਤੇ ਪੜ੍ਹੀਆਂ ਰਚਨਾਵਾਂ ਬਾਰੇ ਘਟਨਾਵਾਂ, ਚਿੱਤਰਾਂ, ਪਾਤਰਾਂ ਬਾਰੇ ਗਲੱਬਾਤ ਕਰਦੇ ਹਨ ਤੇ ਸਵਾਲ ਪੁੱਛਦੇ ਹਨ । | 6. ਸੁਣੀਆਂ ਅਤੇ ਪੜ੍ਹੀਆਂ ਰਚਨਾਵਾਂ ਬਾਰੇ ਘਟਨਾਵਾਂ, ਚਿੱਤਰਾਂ, ਪਾਤਰਾਂ ਬਾਰੇ ਗਲੱਬਾਤ ਕਰਦੇ ਹਨ ਤੇ ਸਵਾਲ ਪੁੱਛਦੇ ਹਨ । |
| 7. ਕਹਾਣੀ ਕਵਿਤਾ ਤੇ ਹੋਰ ਸਮੱਗਰੀ ਵਿਚ ਆਪਣੀ ਗੱਲ ਜੋੜਦੇ ਹਨ । | 7. ਕਹਾਣੀ ਕਵਿਤਾ ਤੇ ਹੋਰ ਸਮੱਗਰੀ ਵਿਚ ਆਪਣੀ ਗੱਲ ਜੋੜਦੇ ਹਨ । |
| ਪੜ੍ਹਨਾ ਲਿਖਣਾ | ਪੜ੍ਹਨਾ ਲਿਖਣਾ |
| 1. ਪੜ੍ਹਨ ਪ੍ਰਤੀ ਉਤਸੁਕ ਰਹਿੰਦੇ ਹਨ । 'ਮਿਠਿਆਈ' ਕਹਾਣੀ ਤਾਂ ਮੈਂ ਵੀ ਪੜ੍ਹਾਂਗਾ । | 1. ਉਤਸ਼ਾਹੀ ਪਾਠਕ ਹੈ, ਜਿਵੇਂ ਐਤਕੀਂ ਪੁਸਤਕ ਮੇਲੇ ਤੋਂ ਮਿਲ-ਜੁਲਕੇ ਕਿਤਾਬਾਂ ਖਰੀਦਾਂਗੇ । |
| 2. ਰਚਨਾਵਾਂ ਨੂੰ ਅਨੰਦ ਨਾਲ ਪੜ੍ਹਦਾ ਹੈ। ਪੜ੍ਹਦੇ ਸਮੇਂ ਰਚਨਾ ਦੇ ਅਨੁਰੂਪ ਭਾਵ ਆ ਰਹੇ ਹਨ । | 2. ਰਚਨਾਵਾਂ ਨੂੰ ਆਤਮ ਵਿਸ਼ਵਾਸ਼ ਅਤੇ ਅਨੰਦ ਨਾਲ ਪੜ੍ਹਦੇ ਹਨ । ਆਪਣੇ ਅਨੁਭਵ ਦੋਸਤਾਂ ਨਾਲ ਵੰਡਦੇ ਹਨ । |
| 3. ਚਿੱਤਰਾਂ ਦੇ ਸੰਦਰਭ ਵਿਖ ਅਰਥਾਂ ਦੇ ਅੰਦਾਜ਼ੇ ਲਾਉਂਦੇ ਹਨ । | 3. ਚਿੱਤਰਾਂ ਦੇ ਸੰਦਰਭ ਵਿਚ ਅਰਥਾਂ ਦੇ ਅੰਦਾਜ਼ੇ ਲਾਉਣ ਦੇ ਨਾਲ-ਨਾਲ ਕਾਲਪਨਿਕਤਾ ਵੀ ਜੋੜਦੇ ਹਨ । |
| 4. ਵੱਖ-ਵੱਖ ਤਰ੍ਹਾਂ ਦੀ ਹਾਸੇ ਵਾਲੀ ਦਲੇਰੀ ਵਾਲੀ ਸਮੱਗਰੀ ਨੂੰ ਸਮਝਦੇ ਹੋਏ ਪੜ੍ਹਦੇ ਹਨ । | 4. ਵੱਖ-ਵੱਖ ਤਰ੍ਹਾਂ ਦੀ ਹਾਸੇ ਵਾਲੀ, ਦਲੇਰੀ ਵਾਲੀਆਂ ਸਮਾਜਕ ਪੱਖਾਂ ਵਾਲੀਆਂ ਕਹਾਣੀਆਂ, ਕਵਿਤਾਵਾਂ ਨੂੰ ਸਮਝ ਕੇ ਉਨ੍ਹਾਂ ਉਪਰ ਟਿੱਪਣੀ ਕਰਦੇ ਹਨ । |
| 5. ਲਾਇਬਰੇਰੀ ਤੋਂ ਮਨਪਸੰਦੀਦਾ ਕਿਤਾਬਾਂ ਚੁਣ | 5. ਲਾਇਬਰੇਰੀ ਤੋਂ ਮਨਪਸੰਦੀਦਾ ਕਿਤਾਬਾਂ ਚੁਣ |

| | |
|---|---|
| ਕੇ ਪੜ੍ਹਦੇ ਹਨ । | ਕੇ ਪੜ੍ਹਦੇ ਹਨ । ਵੱਖ-ਵੱਖ ਉਦੇਸ਼ਾਂ ਸੂਚਨਾਵਾਂ ਤੇ ਜਾਣਕਾਰੀ ਪ੍ਰਾਪਤ ਕਰਨ ਲਈ ਪੜ੍ਹਦੇ ਹਨ । |
| 6. ਪਾਠ ਪੁਸਤਕ ਦੇ ਨਾਲ-ਨਾਲ ਹੋਰ ਸਮੱਗਰੀ ਜਿਵੇਂ, ਬਾਲ ਪੱਤਰਕਾ, ਹੋਰਡਿੰਗਜ਼ ਨੂੰ ਪੜ੍ਹਦੇ ਤੇ ਸਮਝਦੇ ਹਨ । | 6. ਪਾਠ ਪੁਸਤਕ ਦੇ ਨਾਲ-ਨਾਲ ਹੋਰ ਸਮੱਗਰੀ ਜਿਵੇਂ, ਅਖ਼ਬਾਰਾਂ ਬਾਲ ਪੱਤਰਿਕਾ ਤੇ ਹੋਰ ਹੋਰਡਿੰਗਜ਼ ਪੜ੍ਹਦੇ ਅਤੇ ਸਮਝਦੇ ਹਨ । |
| 7. ਲਿਖਦੇ ਜਾਂ ਸਕੂਲ ਦੇ ਪੱਧਰ ਤੇ ਬਾਲ ਪੱਤਰਕਾ ਤੇ ਬਾਲ ਸਮਾਚਾਰ ਪੱਤਰ ਤਿਆਰ ਕਰਦੇ ਹਨ । | 7. ਨਵੇਂ ਸ਼ਬਦਾਂ ਨੂੰ ਸ਼ਬਦਕੋਸ਼ ਵਿਚੋਂ ਲੱਭਦੇ ਹਨ । ਨਵੇਂ ਸ਼ਬਦ ਬਣਾਉਂਦੇ ਹਨ । |
| 8. ਜਮਾਤ ਜਾਂ ਸਕੂਲ ਦੇ ਪੱਧਰ ਤੇ ਬਾਲ ਪੱਤਰਕਾ ਤੇ ਬਾਲ ਸਮਾਚਾਰ ਪੱਤਰ ਤਿਆਰ ਕਰਦੇ ਹਨ । | 8. ਜਮਾਤ ਜਾਂ ਸਕੂਲ ਦੇ ਪੱਧਰ ਤੇ ਬਾਲ ਪੱਤਰਕਾ ਤੇ ਬਾਲ ਸਮਾਚਾਰ ਪੱਤਰ ਤਿਆਰ ਕਰਦੇ ਹਨ । |
| 9. ਆਪਣੀ ਪਸੰਦ ਦੇ ਚਿੱਤਰਾਂ, ਕਹਾਣੀਆਂ ਤੇ ਕਵਿਤਾਵਾਂ ਦੀ ਸਕਰੈਪ ਬੁੱਕ ਤਿਆਰ ਕਰਦੇ ਹਨ । | 9. ਆਪਣੀ ਪਸੰਦ ਦੇ ਚਿੱਤਰਾਂ, ਕਹਾਣੀਆਂ ਤੇ ਕਵਿਤਾਵਾਂ ਦੀ ਸਕਰੈਪ ਬੁੱਕ ਤਿਆਰ ਕਰਦੇ ਹਨ । |
| ਵਾਤਾਵਰਨ ਚੇਤੰਨਤਾ | |
| 1. ਆਲੇ-ਦੁਆਲੇ ਵਾਪਰਨ ਵਾਲੀਆਂ ਵੱਖ-ਵੱਖ ਘਟਨਾਵਾ ਤੇ ਪ੍ਰਤੀਕਿਰਿਆ ਪ੍ਰਗਟ ਕਰਦੇ ਹਨ । | 1. ਆਲੇ-ਦੁਆਲੇ ਵਾਪਰਨ ਵਾਲੀਆ ਘਟਨਾਵਾਂ ਦੀਆਂ ਬਰੀਕੀਆਂ ਤੇ ਉਹਨਾਂ ਨੂੰ ਪ੍ਰਗਟਾਉਂਦੀ ਭਾਸ਼ਾ ਤੇ ਬਿਆਨ ਦਿੰਦੇ ਹੋਏ ਆਪਣੀ ਪ੍ਰਤੀਕਿਰਿਆ ਦਿੰਦੇ ਹਨ । |
| 2. ਆਲੇ-ਦੁਆਲੇ ਮੌਜੂਦ ਪਰਸਥਿਤੀਆਂ ਬਾਰੇ ਸਵਾਲ ਕਰਦੇ ਹਨ । | 2. ਆਲੇ-ਦੁਆਲੇ ਮੌਜੂਦ ਪਰਸਥਿਤੀਆਂ ਬਾਰੇ ਸਵਾਲ ਕਰਦੇ ਹਨ । ਜਿਵੇਂ, ਸਾਡੇ ਪਿੰਡ ਤਾਂ ਸਾਰੇ ਮਿਲ-ਜੁਲਕੇ ਰਹਿੰਦੇ ਹਨ । ਫਿਰ ਦੰਗੇ ਕਿਉਂ ਹੋ ਰਹੇ ਹਨ । |
| 3. ਪਾਠ ਪੁਸਤਕ ਵਿਚ ਆਏ ਵੱਖ-ਵੱਖ ਪਾਠਾਂ ਦੇ ਸੰਵੇਦਨਸ਼ੀਲ ਮੁੱਦਿਆਂ ਬਾਰੇ ਮੌਖਿਕ, ਲਿਖਤੀ ਤੇ ਸੰਕੇਤਕ ਰੂਪ 'ਚ ਵਿਚਾਰ ਪ੍ਰਗਟ ਕਰਦੇ ਹਨ । | 3. ਪਾਠ ਪੁਸਤਕ ਵਿਚ ਆਏ ਵੱਖ-ਵੱਖ ਪਾਠਾਂ ਦੇ ਸੰਵੇਦਨਸ਼ੀਲ ਮੁੱਦਿਆਂ ਬਾਰੇ ਮੌਖਿਕ, ਲਿਖਤੀ ਤੇ ਸੰਕੇਤਕ ਰੂਪ 'ਚ ਵਿਚਾਰ ਪ੍ਰਗਟ ਕਰਦੇ ਹਨ । |
| 4. ਪਾਠ ਪੁਸਤਕ ਵਿਚ ਦੀ ਸਮੱਗਰੀ ਵਿਚ ਪਸ਼ੂ-ਪੰਛੀ, ਦਰਖਤ ਬੂਟੇ ਤੇ ਵਿਅਕਤੀਆਂ ਬਾਰੇ ਪੜ੍ਹ ਕੇ ਇਹਨਾਂ ਪ੍ਰਤੀ ਆਪਣੀ ਜ਼ਿੰਮੇਵਾਰੀ ਦਾ ਭਾਵ ਮੌਖਿਕ, ਲਿਖਤੀ ਤੇ ਸੰਕੇਤਕ ਰੂਪ ਵਿਚ ਪ੍ਰਗਟ ਕਰਦੇ ਹਨ । ਜਿਵੇਂ ਕਿਸੇ ਪਹੀਆ ਕੁਰਸੀ ਵਾਲੇ ਵਿਅਕਤੀ ਨੂੰ ਦੇਖ ਕੇ ਸੋਚਦੇ ਹਨ, ਕਿ ਇਸ ਤਰ੍ਹਾਂ ਦੇ ਬੱਚੇ ਨੂੰ ਪੌੜੀਆਂ ਚੜ੍ਹਨ ਵਿਚ ਕਿੰਨੀ ਮੁਸ਼ਕਲ ਹੁੰਦੀ ਹੋਵੇਗੀ । | 4. ਪਾਠ ਪੁਸਤਕ ਵਿਚ ਦੀ ਸਮੱਗਰੀ ਵਿਚ ਪਸ਼ੂ-ਪੰਛੀ, ਦਰਖਤ ਬੂਟੇ ਤੇ ਵਿਅਕਤੀਆਂ ਬਾਰੇ ਪੜ੍ਹ ਕੇ ਇਹਨਾਂ ਪ੍ਰਤੀ ਆਪਣੀ ਜ਼ਿੰਮੇਵਾਰੀ ਦਾ ਭਾਵ ਮੌਖਿਕ, ਲਿਖਤੀ ਤੇ ਸੰਕੇਤਕ ਰੂਪ ਵਿਚ ਪ੍ਰਗਟ ਕਰਦੇ ਹਨ । ਜਿਵੇਂ ਕਿਸੇ ਪਹੀਆ ਕੁਰਸੀ ਵਾਲੇ ਵਿਅਕਤੀ ਨੂੰ ਦੇਖ ਕੇ ਸੋਚਦੇ ਹਨ, ਕਿ ਇਸ ਤਰ੍ਹਾਂ ਦੇ ਬੱਚੇ ਨੂੰ ਪੌੜੀਆਂ ਚੜ੍ਹਨ ਵਿਚ ਕਿੰਨੀ ਮੁਸ਼ਕਲ ਹੁੰਦੀ ਹੋਵੇਗੀ । |

| | |
|---|---|
| 5. ਆਲੇ-ਦੁਆਲੇ ਮੌਜੂਦ ਦਰਖਤਾਂ, ਬੂਟਿਆਂ ਪਸ਼ੂ-ਪੰਛੀਆਂ ਦੀ ਦੇਖਭਾਲ ਪ੍ਰਤੀ ਚੇਤੰਨ ਹੁੰਦੇ ਹਨ । ਜਿਵੇਂ, ਦਵਾਈ ਲਾਉਣ ਨਾਲ ਕੁੱਤੇ ਦਾ ਪੈਰ ਦਾ ਜ਼ਖਮ ਠੀਕ ਹੋ ਗਿਆ । | 5. ਆਲੇ-ਦੁਆਲੇ ਮੌਜੂਦ ਦਰਖਤਾਂ, ਬੂਟਿਆਂ ਪਸ਼ੂ-ਪੰਛੀਆਂ ਆਦਿ ਦੀ ਦੇਖਭਾਲ ਪ੍ਰਤੀ ਚੇਤੰਨ ਹੁੰਦੇ ਹਨ । ਜਿਵੇਂ ਬੂਟਾ ਤਾਂ ਆਪਾਂ ਲਾ ਦਿੱਤਾ, ਹੁਣ ਰੋਜ਼ ਪਾਣੀ ਪਾਉਣਾ ਪਵੇਗਾ ਨਹੀਂ ਤਾਂ ਸੁੱਕ ਜਾਵੇਗਾ । |
| 6. ਘਰ, ਜਮਾਤ, ਸਕੂਲ ਤੇ ਆਲੇ-ਦੁਆਲੇ ਵਿਅਰਥ ਹੋ ਰਹੀਆਂ ਚੀਜ਼ਾਂ ਦੀ ਵਰਤੋਂ ਨੂੰ ਰੋਕਦੇ ਹਨ । ਜਿਵੇਂ, "ਪਾਣੀ ਦੀ ਟੂਟੀ ਬੰਦ ਕਰ ਦਿਓ, ਪਾਣੀ ਐਵੇਂ ਫਾਲਤੂ ਵਗ ਰਿਹਾ ਹੈ ।" | 6. ਘਰ, ਜਮਾਤ, ਸਕੂਲ ਤੇ ਆਲੇ-ਦੁਆਲੇ ਵਿਅਰਥ ਹੋ ਰਹੀਆਂ ਚੀਜ਼ਾਂ ਦੀ ਵਰਤੋਂ ਨੂੰ ਰੋਕਦੇ ਹਨ । ਜਿਵੇਂ, "ਪਾਣੀ ਦੀ ਟੂਟੀ ਬੰਦ ਕਰ ਦਿਓ, ਪਾਣੀ ਐਵੇਂ ਫਾਲਤੂ ਵਗ ਰਿਹਾ ਹੈ ।" ਜਿਵੇਂ, ਤੂੰ ਹਰ ਰੋਜ਼ ਅੱਧਾ ਖਾਣਾ ਖਰਾਬ ਕਰਦੀ ਹੈ, ਇਹ ਚੰਗੀ ਗੱਲ ਨਹੀਂ । |

ਮਾਤ ਭਾਸ਼ਾ:- ਛੇਵੀਂ ਤੋਂ ਅੱਠਵੀਂ ਤੱਕ

ਪਾਠਕ੍ਰਮ ਸਬੰਧੀ ਉਦੇਸ਼:-

**ਸੁਣਨਾ ਅਤੇ ਬੋਲਣਾ:-**

1. ਵਿਭਿੰਨ ਪਰਸਥਿਤੀਆਂ ਵਿਚ ਬੋਲੀ ਜਾਂਦੀ ਭਾਸ਼ਾ ਨੂੰ ਸੁਣ ਕੇ ਸਮਝਣਾ ।
2. ਦੂਜਿਆਂ ਦੀਆਂ ਗੱਲਾਂ ਅਤੇ ਵਿਚਾਰਾਂ ਨੂੰ ਪੜ੍ਹ ਕੇ, ਸਮਝ ਕੇ, ਸੁਣ ਕੇ, ਆਪਣੇ ਢੰਗ ਨਾਲ ਕਹਿਣਾ ।
3. ਆਪਣੀ ਗੱਲ ਸਪਸ਼ਟਤਾ ਨਾਲ ਖੁੱਲ੍ਹ ਕੇ ਕਹਿਣੀ ।
4. ਆਪਣੇ ਆਲੇ-ਦੁਆਲੇ ਘਟ ਰਹੀਆ ਘਟਨਾਵਾਂ, ਸਮੱਸਿਆਵਾਂ, ਸਮਕਾਲੀਨ ਮਸਲੇ ਅਤੇ ਪੜ੍ਹੀਆਂ ਹੋਈਆਂ ਰਚਨਾਵਾਂ ਤੇ ਆਪਣੀ ਰਾਏ ਦੇਣਾ ।

**ਪੜ੍ਹਨਾਂ ਅਤੇ ਲਿਖਣਾ:-**

1. ਵੱਖ-ਵੱਖ ਮੌਕਿਆ ਤੇ (ਸੁਆਗਤ ਕਰਨਾ, ਸਮਾਜਕ ਸਮਾਰੋਹ, ਮੁੱਦਿਆਂ) ਲਈ ਆਪਣੀ ਗੱਲ ਸਪੱਸ਼ਟਤਾ ਨਾਲ ਕਹਿਣੀ ।
2. ਲਾਇਬਰੇਰੀ ਅਤੇ ਹੋਰ ਵਿਭਿੰਨ ਸਰੋਤਾਂ ਆਪਣੀ ਪਸੰਦ ਦੀਆਂ ਕਿਤਾਬਾਂ ਪੜ੍ਹਨਾ ।
3. ਅਲੱਗ-ਅਲੱਗ ਮੌਕਿਆਂ ਤੇ ਕਹੀਆਂ ਗਈਆਂ ਦੂਜਿਆ ਦੀਆਂ ਗੱਲਾਂ ਅਤੇ ਵਿਚਾਰਾਂ ਨੂੰ ਪੜ੍ਹ ਕੇ, ਸੁਣ ਕੇ, ਸਮਝ ਕੇ ਆਪਣੇ ਢੰਗ ਨਾਲ ਲਿਖਣਾ ।
4. ਆਪਣੇ ਆਲੇ-ਦੁਆਲੇ ਘਟ ਰਹੀਆ ਘਟਨਾਵਾਂ, ਸਮੱਸਿਆਵਾਂ, ਸਮਕਾਲੀਨ ਮੱਦੇ, ਰਚਨਾਵਾਂ, ਨੂੰ ਪੜ੍ਹ ਕੇ ਅਤੇ ਉਹਨਾਂ ਤੇ ਆਪਣੇ ਵਿਚਾਰ ਪ੍ਰਗਟ ਕਰਨਾ ।

**ਵਾਤਾਵਰਨ ਚੇਤੰਨਤਾ:-**

1. ਕੁਦਰਤੀ ਅਤੇ ਹੋਰ ਘਟਨਾਵਾਂ ਨੂੰ ਵੇਖ ਕੇ, ਪਰਖ ਕੇ ਆਪਣੀ ਰਾਏ ਦੇਣੀ ।
2. ਆਪਣੀ ਭਾਸ਼ਾ ਤੇ ਸੱਭਿਆਚਾਰ ਪ੍ਰਤੀ ਸੰਵੇਦਨਸ਼ੀਲ ਹੋਣਾ ।
3. ਵੱਖ-ਵੱਖ ਪਰਸਥਿਤੀਆਂ ਵਿਚ ਵਿਵੇਕਪੂਰਕ ਅਤੇ ਸ਼ਾਤੀਪੂਰਨ, ਭਾਸ਼ਾ ਦਾ ਪ੍ਰਯੋਗ ਕਰਨਾ ।
4. ਵਿਭਿੰਨ ਪਰਿਪੇਖਾਂ ਵਿਚ, ਖੇਤੀਬਾੜੀ ਅਤੇ ਲੋਕ-ਕਲਾਵਾਂ ਆਦਿ ਨਾਲ ਸਬੰਧਤ ਭਾਸ਼ਾ ਦਾ ਪ੍ਰਯੋਗ ਕਰਨਾ ਅਤੇ ਵਿਕਾਸ ਕਰਨਾ ।

ਭਾਸ਼ਾ ਸਿੱਖਣ ਦੇ ਤਰੀਕੇ ਅਤੇ ਮਾਹੌਲ (ਸਾਰੇ ਬੱਚਿਆਂ ਨੂੰ ਧਿਆਲ ਵਿਚ ਰੱਖ ਕੇ):-

1. ਆਪਣੇ ਸਮਾਜਕ ਪਰਿਪੇਖ, ਚਲੰਤ ਮਸਲਿਆਂ ਅਤੇ ਰਚਨਾਵਾਂ ਨੂੰ ਸੁਣਨ ਅਤੇ ਪੜ੍ਹਨ ਦੇ ਮੌਕੇ ਮਿਲਣ ।
2. ਆਪਣੀ ਭਾਸ਼ਾ ਵਿਚ ਗੱਲਬਾਤ ਅਤੇ ਵਿਚਾਰ ਵਟਾਂਦਰਾ ਕਰਨ ਦੇ ਮੌਕੇ ਪ੍ਰਾਪਤ ਹੋਣ ।
3. ਭਾਸ਼ਾਈ ਬਰੀਕੀਆਂ ਅਤੇ ਚਰਚਾ ਕਰਨ ਦੇ ਮੌਕੇ ਮਿਲਣ ।
4. ਕਿਰਿਆਸ਼ੀਲ ਅਤੇ ਜਾਗਰਤ ਕਰਨ ਵਾਲੀਆਂ ਰਚਨਾਵਾਂ ਅਖ਼ਬਾਰ, ਪੱਤਰਕਾਵਾਂ, ਫ਼ਿਲਮਾਂ ਅਤੇ ਹੋਰ ਦੇਖਣ-ਸੁਣਨ ਸਮੱਗਰੀ ਤੇ ਚਰਚਾ ਕਰਨ ਦੇ ਮੌਕੇ ਮਿਲਣਾ ।
5. ਕਲਪਨਾਸ਼ੀਲਤਾ ਅਤੇ ਸਿਰਜਨਾਤਮਕਤਾ ਨੂੰ ਵਿਕਸਤ ਕਰਨ ਵਾਲੀਆ ਗਤੀਵਿਧੀਆਂ ਜਿਵੇਂ ਅਭਿਨੈ, ਸਵਾਂਗ, ਕਵਿਤਾ ਪਾਠ ਕਹਾਣੀ ਸੁਣਨਾ ਅਤੇ ਸੁਣਾਉਣਾ, ਵੱਖ-ਵੱਖ ਸਥਿਤੀਆਂ ਵਿਚ ਸੰਵਾਦ ਆਦਿ ਦਾ ਆਯੋਜਨ ਕੀਤਾ ਜਾਵੇ ਅਤੇ ਸਾਰੇ ਬੱਚਿਆਂ ਨੂੰ ਭਾਗ ਲੈਣ ਦੇ ਮੌਕੇ ਮਿਲਣਾ । ਸਕਰਿਪਟ ਲਿਖਣ ਅਤੇ ਰਿਪੋਰਟ ਲਿਖਣ ਦੇ ਮੌਕੇ ਹੋਣਾ ।
6. ਸਮੂਹ ਵਿਚ ਕੰਮ ਕਰਨਾ, ਇਕ ਦੂਜੇ ਦੇ ਕੰਮਾਂ ਵਿਚ ਸਹਿਯੋਗ ਦੇਣਾ ਅਤੇ ਵਿਚਾਰ ਵਟਾਂਦਰਾ ਕਰਨਾਂ ਅਤੇ ਪ੍ਰਸ਼ਨ ਪੁੱਛਣ ਦੀ ਅਜ਼ਾਦੀ ।
7. ਆਪਣੇ ਅਨੁਭਵਾਂ ਨੂੰ ਲਿਖਣ ਦੇ ਮੌਕੇ ਹੋਣ ।
8. ਆਪਣੇ ਸਮਾਜਕ ਪਰਿਪੇਖ ਤੇ ਸਮਾਜਕ ਰਚਨਾਵਾਂ ਨੂੰ ਪੜ੍ਹਨ ਅਤੇ ਉਹਨਾਂ ਉੱਪਰ ਵਿਚਾਰ ਵਟਾਂਦਰਾ ਕਰਨ ਤੇ ਮੌਕੇ ਹੋਣੇ ।
9. ਸੰਵੇਦਨਸ਼ੀਲ ਮੁੱਦੇ ਜਿਵੇਂ, ਜਾਤ-ਪਾਤ, ਧਰਮ, ਰੀਤੀ-ਰਿਵਾਜ਼ ਤੇ ਲਿੰਗ ਅਧਾਰਤ (ਜੈਂਡਰ) ਆਦਿ ਬਾਰੇ ਚਰਚਾ ਦੇ ਮੌਕੇ ਹੋਣ ।
10. ਖੇਤੀਬਾੜੀ, ਲੋਕ ਕਲਾਵਾਂ, ਹੱਥ ਕਲਾਵਾਂ ਤੇ ਛੋਟੇ ਉਦਯੋਗਾਂ ਨੂੰ ਦੇਖਣ ਅਤੇ ਜਾਨਣ ਦੇ ਮੌਕੇ ਹੋਣ ਅਤੇ ਉਹਨਾਂ ਨਾਲ ਸਬੰਧਤ ਸ਼ਬਦਾਵਲੀ ਨੂੰ ਜਾਨਣ ਅਤੇ ਵਰਤੋਂ ਦੇ ਮੌਕੇ ਮਿਲਣ ।

## ਸਿੱਖਣ ਦੇ ਸੰਕੇਤਕ

ਸਾਰਿਆਂ ਬੱਚਿਆਂ ਦੇ ਸਮਾਵੇਸ਼ ਨੂੰ ਧਿਆਨ ਵਿਚ ਰੱਖ ਕੇ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਭਾਸ਼ਕ ਤੇ ਸੰਕੇਤਕ ਦੋਵੇਂ ਹੋ ਸਕਦੀਆਂ ਹਨ ।

| ਜਮਾਤ ਛੇਵੀਂ | ਜਮਾਤ ਸੱਤਵੀਂ | ਜਮਾਤ ਅੱਠਵੀਂ |
|---|---|---|
| ਸੁਣਨਾ ਬੋਲਣਾ<br>1. ਜਮਾਤ ਵਿਚ ਕਹੀਆਂ ਜਾਂਦੀਆ ਗੱਲਾਂ ਧਿਆਨ ਅਤੇ ਧੀਰਜ ਨਾਲ ਸੁਣਦੇ ਹਨ ਤੇ ਆਪਣੀ ਟਿੱਪਣੀ ਕਰਦੇ ਹਨ । | ਸੁਣਨਾ ਬੋਲਣਾ<br>1. ਆਪਣੇ ਸਾਥੀਆਂ ਦੁਆਰਾ ਖੇਡਾਂ ਫਿਲਮਾਂ ਆਦਿ ਬਾਰੇ ਹੁੰਦੀਆਂ ਗੱਲਾਂ ਨੂੰ ਧੀਰਜ ਨਾਲ ਸੁਣਦੇ ਹਨ ਅਤੇ ਸਮਝਾਉਂਦੇ ਹਨ ਤੇ ਆਪਣੀ ਰਾਏ ਦਿੰਦੇ ਹਨ । | ਸੁਣਨਾ ਬੋਲਣਾ<br>1. ਵਾਤਾਵਰਨ, ਸਮਾਜਕ, ਮੁੱਦਿਆਂ ਬਾਰੇ ਕੀਤੀਆਂ ਜਾਂਦੀਆ ਗੱਲਾਂ ਨੂੰ ਧੀਰਜ ਨਾਲ ਸੁਣਦੇ ਹਨ ਅਤੇ ਸਮਝਾਉਂਦੇ ਹੋਏ ਟਿੱਪਣੀਆ ਕਰਦੇ ਹਨ । |
| 2. ਸੁਣੀ ਜਾਂ ਪੜ੍ਹੀ ਗਈ ਕਹਾਣੀ ਆਪਣੀ ਗੱਲ ਦਿਲਚਸਪੀ ਨਾਲ ਅੱਗੇ ਵਧਾਉਂਦੇ ਹਨ । | 2. ਸੁਣੀ ਜਾਂ ਪੜ੍ਹੀ ਗਈ ਕਹਾਣੀ ਆਪਣੀ ਗੱਲ ਦਿਲਚਸਪੀ ਨਾਲ ਅੱਗੇ | 2. ਸੁਣੀ ਜਾਂ ਪੜ੍ਹੀ ਗਈ ਕਹਾਣੀ ਆਪਣੀ ਗੱਲ ਦਿਲਚਸਪੀ ਨਾਲ ਅੱਗੇ |

| | | |
|---|---|---|
| | ਵਧਾਉਂਦੇ ਹਨ । | ਵਧਾਉਂਦੇ ਹਨ । |
| 3. ਭਾਸ਼ਾਈ ਬਰੀਕੀਆਂ ਉੱਪਰ ਧਿਆਨ ਦਿੰਦੇ ਹਨ । ਸ਼ਬਦਾਂ ਨੂੰ ਜਾਣਨ ਦੀ ਉਤਸੁਕਤਾ ਨੂੰ ਜ਼ਾਹਰ ਕਦੇ ਹਨ । ਜਿਵੇਂ, ਪਾਣੀ ਨੂੰ ਹੱਥ ਲਾ ਕੇ, ਪਾਣੀ ਸ਼ਬਦ ਨੂੰ ਜਾਣਨਾ । | 3. ਭਾਸ਼ਾਈ ਬਰੀਕੀਆਂ ਉਪਰ ਧਿਆਨ ਦਿੰਦੇ ਹਨ । ਜਿਵੇਂ, ਵਾਕ ਦੀ ਬਣਾਵਟ ਤੇ ਧਿਆਨ ਕਰਨਾ ਅਤੇ ਉਸ ਨੂੰ ਦੁਹਰਾਉਣਾ ਛੋਹ ਨਾਲ ਦਰਖਤਾਂ ਤੇ ਬਨਸਪਤੀ ਨੂੰ ਸਮਝਣਾ ਜਿਵੇਂ ਦਰਖਤ ਦਾ ਤਣਾ ਖੁਰਦਰਾ ਹੈ, ਪੱਤੀਆਂ ਚੀਕਣੀਆਂ ਹਨ । | 3. ਭਾਸ਼ਾਈ ਬਰੀਕੀਆਂ ਉਪਰ ਧਿਆਨ ਦਿੰਦੇ ਹਨ । ਕਵਿਤਾ ਵਿਚ ਸ਼ਬਦਾਂ ਦਾ ਦੁਹਰਾਓ, ਆਪਣੇ ਢੰਗ ਨਾਲ ਵਾਕਾਂ ਵਿਚ ਵਰਤੋਂ ਦੀ ਖੇਡ, ਆਵਾਜ਼ਾਂ ਸੁਣ ਕੇ ਉਹਨਾਂ ਨੂੰ ਨਾਂ ਦੇਣਾ । |
| 4. ਰੋਜ਼ਾਨਾ ਜੀਵਨ ਦੀਆਂ ਘਟਨਾਵਾਂ ਸਥਿਤੀਆਂ ਬਾਰੇ ਗੱਲਬਾਤ ਕਰਦੇ ਹਨ ਜਿਵੇਂ, ਕੁਰਸੀ ਅਤੇ ਮੇਜ਼ ਦੀ ਗੱਲਬਾਤ<br><br>ਪੜ੍ਹਨਾ ਅਤੇ ਲਿਖਣਾ<br>1. ਪਾਠ ਪੁਸਤਕ ਤੋਂ ਬਿਨਾ ਹੋਰ ਰਚਨਾਵਾਂ ਕਹਾਣੀ ਆਦਿ ਬਾਰੇ ਜਾਨਣ ਅਤੇ ਪੜ੍ਹਨ ਲਈ ਉਤਸੁਕ ਹੁੰਦੇ ਹਨ । | 4. ਰੋਜ਼ਾਨਾ ਜੀਵਨ ਦੀਆਂ ਘਟਨਾਵਾਂ ਅਤੇ ਸਥਿਤੀਆਂ ਬਾਰੇ ਗੱਲਬਾਤ ਜਿਵੇਂ, ਪ੍ਰਾਕਿਰਤਕ ਤੱਤਾਂ ਵਿਚਲੀ ਗੱਲਬਾਤ<br>ਪੜ੍ਹਨਾ ਅਤੇ ਲਿਖਣਾ<br>ਪਾਠ ਪੁਸਤਕ ਤੋਂ ਬਿਨਾ ਹੋਰ ਸਾਹਿਤ ਬਾਰੇ ਜਾਨਣ ਅਤੇ ਪੜ੍ਹਨ ਲਈ ਉਤਸੁਕ ਹੁੰਦੇ ਹਨ । | 4. ਰੋਜ਼ਾਨਾ ਜੀਵਨ ਦੀਆਂ ਅਲੱਗ-ਅਲੱਗ ਘਟਨਾਵਾਂ, ਸਥਿਤੀਆਂ ਬਾਰੇ ਗੱਲਬਾਤ ਕਰਦੇ ਹਨ । ਦੇਸ਼ ਦੀ ਵੰਡ ਬਾਰੇ ਗੱਲਬਾਤ<br>ਪੜ੍ਹਨਾ ਅਤੇ ਲਿਖਣਾ<br>ਪਾਠ ਪੁਸਤਕ ਤੋਂ ਬਿਨਾ ਨਵੀਆਂ ਰਚਨਾਵਾਂ ਨੂੰ ਪੜ੍ਹਨ ਦੇ ਨਾਲ-ਨਾਲ ਆਪਣੇ ਸਾਥੀਆਂ ਨਾਲ ਉਹਨਾਂ ਬਾਰੇ ਚਰਚਾ ਵੀ ਕਰਦੇ ਹਨ । |
| 2. ਆਪਣੀਆਂ ਪਸੰਦ ਦੀਆ ਰਚਨਾਵਾਂ ਨੂੰ ਲਾਇਬਰੇਰੀ ਜਾਂ ਕਿਤੇ ਹੋਰ ਲੱਭ ਕੇ ਪੜ੍ਹਨ ਦੀ ਕੋਸ਼ਿਸ਼ ਕਰਦੇ ਹਨ । | ਆਪਣੀਆਂ ਪਸੰਦ ਦੀਆ ਰਚਨਾਵਾਂ ਨੂੰ ਲਾਇਬਰੇਰੀ ਜਾਂ ਕਿਤੇ ਹੋਰ ਲੱਭ ਕੇ ਪੜ੍ਹਨ ਦੀ ਕੋਸ਼ਿਸ਼ ਕਰਦੇ ਹਨ । | ਆਪਣੀ ਪਸੰਦ ਦੀ ਜਾਂ ਨਵੀਂ ਪ੍ਰਕਾਸ਼ਿਤ ਰਚਨਾ ਨੂੰ ਲਾਇਬਰੇਰੀ ਜਾਂ ਹੋਰ ਕਿਤੋਂ ਲੱਭ ਕੇ ਪੜ੍ਹਨ ਦੀ ਕੋਸ਼ਿਸ਼ ਕਰਦੇ ਹਨ ਅਤੇ ਉਸ ਬਾਰੇ ਲਿਖ ਕੇ ਵੀ ਆਪਣੇ ਵਿਚਾਰ ਪ੍ਰਗਟ ਕਰਦੇ ਹਨ । |
| 3. ਪੜ੍ਹੀਆਂ ਸੁਣੀਆਂ ਗੱਲਾਂ ਬਾਰੇ ਖੁੱਲ੍ਹ ਕੇ ਲਿਖਤੀ ਰਾਇ ਪ੍ਰਗਟ ਕਰਦੇ ਹਨ । ਜਿਵੇਂ, ਹੈਲਨ ਕਲਰ ਕਿਵੇਂ ਪੜ੍ਹਦੀ ਹੋਵੇਗੀ । | 3. ਪੜ੍ਹੀਆਂ ਸੁਣੀਆਂ ਗੱਲਾਂ ਬਾਰੇ ਖੁੱਲ੍ਹ ਕੇ ਲਿਖਤੀ ਰਾਏ ਪ੍ਰਗਟ ਕਰਦੇ ਹਨ । ਜਿਵੇਂ ਸਾਡਾ ਸਕੂਲ ਤੋਤੋਚਾਨ ਦੇ ਸਕੂਲ ਵਰਗਾ ਕਿਉਂ ਨਹੀਂ? | 3. ਪੜ੍ਹੀਆਂ ਸੁਣੀਆਂ ਗੱਲਾਂ ਬਾਰੇ ਖੁੱਲ੍ਹ ਕੇ ਲਿਖਤੀ ਰਾਏ ਦਿੰਦੇ ਹਨ ਜਿਵੇਂ, ਮੈਂ ਆਪਣੀ ਮਾਸੀ ਦੇ ਪਿੰਡ ਗਈ ਸੀ । ਉੱਥੇ ਵੀ ਕੁੜੀਆ ਨੂੰ ਸਾਈਕਲ ਮਿਲੇ ਹਨ । |
| 4. ਆਪਣੇ ਅਨੁਭਵਾਂ ਜਿਵੇਂ, ਸਕੂਲ ਦਾ ਪਹਿਲਾਂ ਦਿਨ, ਦੋਸਤ ਨਾਲ | ਆਪਣੇ ਅਨੁਭਵਾਂ ਕਿਵੇਂ ਪੱਕੇ ਦੋਸਤ ਨਾਲ ਪਹਿਲੀ | ਆਪਣੇ ਅਨੁਭਵੀ ਭਾਵਾਂ ਸਕੂਲ ਦਾ ਪਹਿਲਾ ਦਿਨ, |

| | | |
|---|---|---|
| ਪਹਿਲੀ ਮੁਲਾਕਾਤ ਆਦਿ ਬਾਰੇ ਲਿਖਣ ਦੀ ਕੋਸ਼ਿਸ਼ ਕਰਦੇ ਹਨ । | ਮੁਲਾਕਾਤ, ਖੇਡ ਦੇ ਮੈਦਾਨ ਬਾਰੇ ਆਪਣੇ ਵਿਚਾਰ ਪ੍ਰਗਟਾਉਂਦੇ ਹਨ । | ਚੋਣਾਂ ਦੇ ਦਿਨ ਆਦਿ ਬਾਰੇ ਵਿਚਾਰ ਪ੍ਰਗਟ ਕਰਦੇ ਹਨ । |
| 5. ਰੋਜ਼ਾਨਾ ਜ਼ਿੰਦਗੀ ਦੀਆਂ ਘਟਨਾਵਾਂ ਅਤੇ ਕਾਲਪਨਿਕ ਵਿਚਾਰ ਪ੍ਰਗਟ ਕਰਦੇ ਹਨ । ਜਿਵੇਂ, ਕੁਰਸੀ ਮੇਜ਼ ਦੀ ਗੱਲਬਾਤ | ਰੋਜ਼ਾਨਾ ਜ਼ਿੰਦਗੀ ਦੀਆਂ ਘਟਨਾਵਾਂ ਤੇ ਕਾਲਪਨਿਕ ਸਥਿਤੀਆਂ ਤੇ ਵਿਚਾਰ ਪ੍ਰਗਟ ਕਰਦੇ ਹਨ । ਬਿਜਲੀ ਦੀ ਤਾਰ ਤੇ ਅਟਕੀ ਪਤੰਗ ਨਾਲ ਵਾਰਤਾਲਾਪ | ਰੋਜ਼ਾਨਾ ਜ਼ਿੰਦਗੀ ਦੀਆਂ ਘਟਨਾਵਾਂ ਤੇ ਕਾਲਪਨਿਕ ਸਥਿਤੀਆਂ ਤੇ ਵਿਚਾਰ ਪ੍ਰਗਟ ਕਰਦੇ ਹਨ ਜਿਵੇਂ, ਚੰਦ ਤੇ ਅਸੀਂ |
| ਵਾਤਵਰਨ ਚੇਤੰਨਤਾ | | |
| 1. ਆਲੇ-ਦੁਆਲੇ ਵਾਪਰਦੀਆਂ ਘਟਨਾਵਾਂ ਤੇ ਪ੍ਰਤੀ ਕਿਰਿਆ ਪ੍ਰਗਟ ਕਰਦੇ ਹਨ ।<br><br>2. ਆਪਣੇ ਸਾਥੀਆਂ ਨਾਨ, ਭਾਸ਼ਾ ਖਾਣ-ਪੀਣ, ਪਹਿਰਾਵੇ ਬਾਰੇ ਗੱਲਾਂ ਕਰਦੇ ਹਨ ।<br>3. ਆਪਣੇ ਪਰਿਵੇਸ਼ ਦੀਆਂ ਸਮੱਸਿਆਵਾਂ ਜਿਵੇਂ ਬਿਜਲੀ ਵਾਰ-ਵਾਰ ਕਿਉਂ ਜਾਂਦੀ ਹੈ । ਬਾਰੇ ਪ੍ਰਸ਼ਨ ਕਰਦੇ ਹਨ ਤੇ ਵਿਚਾਰ ਵਟਾਂਦਰਾ ਕਰਦੇ ਹਨ । | 1. ਪ੍ਰਾਕਿਰਤਕ, ਮਸਲਿਆਂ, ਘਟਨਾਵਾਂ ਬਾਰੇ ਆਪਣੀ ਰਾਏ ਪ੍ਰਗਟ ਕਰਦੇ ਹਨ ।<br><br>2. ਆਪਣੇ ਸਾਥੀਆਂ ਨਾਨ, ਭਾਸ਼ਾ ਖਾਣ-ਪੀਣ, ਪਹਿਰਾਵੇ ਬਾਰੇ ਗੱਲਾਂ ਕਰਦੇ ਹਨ ।<br>3. ਆਪਣੇ ਪਰਿਵੇਸ਼ ਦੀਆਂ ਸਮੱਸਿਆਵਾਂ ਜਿਵੇਂ ਬਿਜਲੀ ਵਾਰ-ਵਾਰ ਕਿਉਂ ਜਾਂਦੀ ਹੈ । ਬਾਰੇ ਪ੍ਰਸ਼ਨ ਕਰਦੇ ਹਨ ਤੇ ਵਿਚਾਰ ਵਟਾਂਦਰਾ ਕਰਦੇ ਹਨ ।<br>ਰੀਤੀ ਰਿਵਾਜ਼ਾ ਤੇ ਤਿਉਹਾਰਾਂ ਪ੍ਰਤੀ ਗੱਲਾਂ ਕਰਦੇ ਹਨ । | 1. ਪ੍ਰਾਕਿਰਤਕ ਤੇ ਸਮਾਜਕ ਮੁੱਦਿਆਂ ਬਾਰੇ ਰਾਏ ਦਿੰਦੇ ਹਨ ।<br>"ਮੈਂ ਤਾਂ ਪੈਰਾ ਤੇ ਖੜ੍ਹੋ ਕੇ ਹੀ ਵਿਆਹ ਕਰਾਵਾਂਗਾ ।"<br><br>2. ਆਪਣੇ ਸਾਥੀਆਂ ਨਾਨ, ਭਾਸ਼ਾ ਖਾਣ-ਪੀਣ, ਪਹਿਰਾਵੇ ਬਾਰੇ ਗੱਲਾਂ ਕਰਦੇ ਹਨ ।<br>3. ਪਰਿਵੇਸ਼ ਦੀਆਂ ਘਟਨਾਵਾਂ ਤੇ ਚਰਚਾ ਕਰਦੇ ਹਨ । ਸਾਨੂੰ ਖੇਤੀ ਕਰਨ ਬਾਰੇ ਕਿਉਂ ਨਹੀਂ ਦੱਸਿਆ ਜਾਂਦਾ ।<br><br>ਜਾਤ-ਪਾਤ, ਧਰਮ, ਰੀਤੀ ਰਿਵਾਜ਼, ਜੈਂਡਰ ਮਸਲਿਆਂ ਤੇ ਗੱਲ ਕਰਦੇ ਹਨ । ਮੀਨਾ ਸਾਡੇ ਨਾਲ ਮਿਲ-ਡੇ-ਮੀਲ ਕਿਉਂ ਨਹੀਂ ਖਾਂਦੀ । |

## ਇਨ੍ਹਾਂ ਸੰਕੇਤਕਾਂ ਨੂੰ ਕਿਵੇਂ ਵਰਤੀਏ?

ਸਿੱਖਣ ਸਿਖਾਉਣ ਪ੍ਰਕਿਰਿਆ ਦੌਰਾਨ ਅਧਿਆਪਕਾ ਅਤੇ ਬੱਚਿਆਂ ਨੂੰ ਸਿਖਾਉਣ ਵਿਚ ਮੱਦਦ ਕਰਨ ਲਈ ਇਹ ਸੰਕੇਤਕ ਵਿਕਸਤ ਕੀਤੇ ਗਈ ਹਨ ਇਹਨਾਂ ਨੂੰ ਵਰਤਣ ਲਈ ਜ਼ਰੂਰੀ ਹੈ:-

1. ਸਭ ਤੋਂ ਪਹਿਲਾਂ ਰਾਸ਼ਟਰੀ ਪਾਠਕ੍ਰਮ ਦੇ ਆਧਾਰ ਤੇ ਵਿਕਸਤ ਪਾਠਕ੍ਰਮ ਵਿਚ ਵੱਖ-ਵੱਖ ਜਮਾਤਾਂ ਵਿਚ ਪੰਜਾਬੀ ਪੜ੍ਹਾਉਣ ਦੇ ਉਦੇਸ਼ਾਂ ਬਾਰੇ ਜਾਣਕਾਰੀ ਹੋਵੇ ।

2. ਸਿੱਖਣ ਸਿਖਾਉਣ ਦੇ ਤਰੀਕੇ ਅਨੁਕੂਲ ਹੋਣ ਤਾਂ ਹੀ ਵਿਦਿਆਰਥੀ ਸਿੱਖ ਸਕਣਗੇ।
3. ਸਿੱਖਣ ਤੇ ਸੰਕੇਤਕ ਬੱਚੇ ਦੀ ਸਿੱਖਣ ਪ੍ਰਕਿਰਿਆ ਦੇ ਪੱਧਰ ਅਨੁਸਾਰ ਮਿੱਥੇ ਗਏ ਹਨ ਤੇ ਲਗਾਤਾਰ ਫੀਡ ਬੈਕ ਮਿਲਦੀ ਰਹਿੰਦੀ ਹੈ।
4. ਪਾਠਕ੍ਰਮ ਤੇ ਪਾਠ ਪੜ੍ਹਾਉਣ ਵਿਧੀਆਂ ਦੀ ਜਾਣਕਾਰੀ ਬਹੁਤ ਜ਼ਰੂਰੀ ਹੈ ।
5. ਸਾਰੇ ਸੰਕੇਤਕ ਬੱਚੇ ਦੀ ਯੋਗਤਾ, ਕੌਸ਼ਲ ਮਾਨਵੀ ਕਦਰਾਂ ਕੀਮਤਾਂ ਤੇ ਉਸਦੀ ਸਮਾਜਕ ਜ਼ਿੰਦਗੀ ਨਾਲ ਜੁੜੇ ਹੋਏ ਹਨ । ਉਮਰ ਤੇ ਪੱਧਰ ਨਾਲ ਇਹਨਾਂ ਵਿਚ ਵਾਧਾ ਹੁੰਦਾ ਜਾਂਦਾ ਹੈ ।
6. ਇਹ ਬੱਚੇ ਦੇ ਪ੍ਰਾਪਤ ਗਿਆਨ ਤੇ ਸਮਾਜਕ ਪਰਿਪੇਖ ਤੇ ਅਧਾਰਤ ਹਨ ਬੱਚੇ ਨੂੰ ਵੱਧ ਤੋਂ ਵੱਧ ਮੌਕੇ ਦਿੱਤੇ ਜਾਣੇ ਚਾਹੀਦੇ ਹਨ ।